ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਾਰੇ ਕਾਰੋਬਾਰੀਆਂ, ਪਾਠਕਾਂ ਅਤੇ ਆਪ ਸਭ ਨੂੰ ਖਾਲਸੇ ਦੇ ਜਨਮਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

To view our online newspaper visit **punjabipost.ca/epaper** | Vol 22* Issue 74 | Friday, April 14, 2023 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ*

**ਅੰਦਰ ਇਹ ਵੀ ਪੜ੍ਹੋ**

**ਯੂਕਰੇਨ ਦੇ ਪ੍ਰਧਾਨ ਮੰਤਰੀ ਦੇ ਕੈਨੇਡਾ ਦੌਰੇ ਦੌਰਾਨ ਟਰੂਡੋ ਨੇ ਐਲਾਨੀ ਨਵੀਂ ਮਿਲਟਰੀ ਮਦਦ**



ਪੰਨਾ 04

**ਭਾਰਤ ਦੀ ਰਾਜਨੀਤੀ ਤੇ ਕੂਟਨੀਤੀ ਵਿੱਚ ਨਵੇਂ ਮੋੜ ਵਾਲੇ ਸੰਕੇਤ**

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 08

## ਟੀਟੀਸੀ ਦੀ ਬੱਸ ਉੱਤੇ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਟੋਰਾਂਟੋ, 13 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਟੀਟੀਸੀ ਦੀ ਬੱਸ ਉੱਤੇ ਇੱਕ ਵਿਅਕਤੀ ਵੱਲੋਂ ਦੂਜੇ ਨੂੰ ਚਾਕੂ ਮਾਰੇ ਜਾਣ ਦੇ ਸਬੰਧ ਵਿੱਚ ਮਸ਼ਕੂਕ ਦੀ ਭਾਲ ਕਰਨ ਲਈ ਟੋਰਾਂਟੋ ਪੁਲਿਸ ਵੱਲੋਂ ਜਨਤਾ ਤੋਂ ਮਦਦ ਮੰਗੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਐਗਲਿੰਟਨ ਐਵਨਿਊ ਤੋਂ ਬੱਸ ਵਿੱਚ ਸਫਰ ਕਰ ਰਿਹਾ ਸੀ ਜਦੋਂ ਇੱਕ ਹਰ ਵਿਅਕਤੀ ਉਸ ਕੋਲ ਪਹੁੰਚਿਆ ਤੇ ਉਸ ਨੇ ਉਸ ਨੂੰ ਚਾਕੂ ਮਾਰ ਦਿੱਤਾ। ਪੁਲਿਸ ਨੇ ਅੱਗੇ ਦੱਸਿਆ ਕਿ ਮਸ਼ਕੂਕ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਬਲੈਕ ਕ੍ਰੀਕ ਡਰਾਈਵ ਤੇ ਐਗਲਿੰਟਨ ਐਵਨਿਊ ਵੈਸਟ ਦੇ ਇੰਟਰਸੈਕਸ਼ਨ ਉੱਤੇ ਉਤਰ ਗਿਆ।



ਬੁੱਧਵਾਰ ਨੂੰ ਪੁਲਿਸ ਵੱਲੋਂ ਮਸ਼ਕੂਕ ਦੀ ਤਸਵੀਰ ਜਾਰੀ ਕੀਤੀ ਗਈ ਹੈ, ਜਿਹੜਾ 18 ਤੋਂ 20ਵਿਆਂ ਦੇ ਦਰਮਿਆਨ ਨਜ਼ਰ ਆਉਂਦਾ ਹੈ ਤੇ ਉਸ ਦਾ ਕੱਦ ਛੇ ਫੁੱਟ ਹੈ। ਉਸ ਨੂੰ ਆਖਰੀ ਵਾਰੀ ਕਾਲੇ ਰੰਗ ਦੇ ਹੁੱਡ ਵਾਲੇ ਸਵੈਟਰ, ਕਾਲੀ ਜੀਨਜ਼ ਤੇ ਕਾਲੇ ਤੇ ਚਿੱਟੇ ਜੁੱਤਿਆਂ ਵਿੱਚ ਵੇਖਿਆ ਗਿਆ।

## ਸਾਇੰਸ ਸੈਂਟਰ ਨੂੰ ਓਨਟਾਰੀਓ ਪਲੇਸ ਲੈ ਕੇ ਆਉਣ ਦੇ ਵਿਚਾਰ ਉੱਤੇ ਫੋਰਡ ਨੇ ਪ੍ਰਗਟਾਈ ਸਹਿਮਤੀ

ਓਨਟਾਰੀਓ, 13 ਅਪਰੈਲ (ਪੋਸਟ ਬਿਊਰੋ): ਪ੍ਰੀਮੀਅਰ ਡੱਗ ਫੋਰਡ ਓਨਟਾਰੀਓ ਪਲੇਸ ਦੇ ਭਵਿੱਖ ਨੂੰ ਲੈ ਕੇ ਜਲਦ ਐਲਾਨ ਕਰ ਸਕਦੇ ਹਨ।

ਓਨਟਾਰੀਓ ਸਾਇੰਸ ਸੈਂਟਰ ਨੂੰ ਓਨਟਾਰੀਓ ਪਲੇਸ ਲੈ ਕੇ ਆਉਣ ਦੇ ਵਿਚਾਰ ਉੱਤੇ ਫੋਰਡ ਵੱਲੋਂ ਸਹਿਮਤੀ ਪ੍ਰਗਟਾਈ ਗਈ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸਬੰਧ ਵਿੱਚ ਐਲਾਨ ਜਲਦ ਹੀ ਹੋ ਸਕਦਾ ਹੈ। ਵੀਰਵਾਰ ਸਵੇਰੇ ਉਨ੍ਹਾਂ ਕਿਚਨਰ ਵਿੱਚ ਰੋਜ਼ਗਾਰ ਸਬੰਧੀ ਐਲਾਨ ਤੋਂ ਬਾਅਦ ਇਹ ਟਿੱਪਣੀ ਕੀਤੀ। ਸਾਇੰਸ ਸੈਂਟਰ ਨੂੰ ਰੀਲੋਕੇਟ ਕਰਨ ਬਾਰੇ ਪੁੱਛੇ ਜਾਣ ਉੱਤੇ ਫੋਰਡ ਨੇ ਆਖਿਆ ਕਿ ਇਹ



ਆਈਡੀਆ ਇੱਕ ਸਾਲ ਪਹਿਲਾਂ ਪੇਸ਼ ਕੀਤਾ ਗਿਆ ਸੀ। ਉਨ੍ਹਾਂ ਆਖਿਆ ਕਿ ਇਹ ਕਮਾਲ ਦਾ ਆਈਡੀਆ ਹੈ।

ਜ਼ਿਕਰਯੋਗ ਹੈ ਕਿ ਟੋਰਾਂਟੋ ਦੀ ਸਾਬਕਾ ਕਾਊਂਸਲਰ ਤੇ ਮੇਅਰ ਦੇ ਅਹੁਦੇ ਲਈ ਉਮੀਦਵਾਰ ਐਨਾ ਬਾਇਲਾਓ ਨੇ ਪਿਛਲੇ ਹਫਤੇ ਐਲਾਨ ਕੀਤਾ ਸੀ ਕਿ ਉਹ ਸਾਇੰਸ ਸੈਂਟਰ ਨੂੰ ਓਨਟਾਰੀਓ ਪਲੇਸ ਸ਼ਿਫਟ ਕਰਨ ਦਾ ਸਮਰਥਨ ਕਰਦੀ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਸਾਇੰਸ ਸੈਂਟਰ ਵੱਲੋਂ ਜਿਹੜੀ ਥਾਂ ਮੱਲੀ ਹੋਈ ਹੈ ਇਸ ਦੇ ਸ਼ਿਫਟ ਹੋਣ ਨਾਲ ਉੱਥੇ ਨਵੇਂ ਘਰਾਂ ਲਈ ਜਗ੍ਹਾ ਬਣ ਜਾਵੇਗੀ। ...ਬਾਕੀ ਪੰਨਾ 13 'ਤੇ

## ਮਿਸੀਸਾਗਾ ਵਿੱਚ ਜਲਦ ਸ਼ੁਰੂ ਹੋਵੇਗੀ ਫਾਇਰਫਾਈਟਰਜ਼ ਦੀ ਭਰਤੀ




ਮਿਸੀਸਾਗਾ, 13 ਅਪਰੈਲ (ਪੋਸਟ ਬਿਊਰੋ) : ਮਿਸੀਸਾਗਾ ਫਾਇਰ ਐਂਡ ਐਮਰਜੰਸੀ ਸਰਵਿਸਿਜ਼ (ਐਮਐਫਈਐਸ) ਵੱਲੋਂ ਫਾਇਰਫਾਈਟਰਜ਼ ਦੀ ਨਵੀਂ ਟੀਮ ਤਿਆਰ ਕਰਨ ਲਈ ਰਕਰੂਟਮੈਂਟ ਸ਼ੁਰੂ ਕੀਤੀ ਗਈ ਹੈ। ਐਮਐਫਈਐਸ ਅਜਿਹੇ ਲੋਕਾਂ ਦੀ ਭਾਲ ਕਰ ਰਹੀ ਹੈ ਜਿਹੜੇ ਮਿਸੀਸਾਗਾ ਵਿੱਚ ਲੋਕਾਂ ਦੀ, ਪ੍ਰਾਪਰਟੀ ਦੀ ਤੇ ਐਨਵਾਇਰਮੈਂਟ ਦੀ ਹਿਫਾਜ਼ਤ ਲਈ ਤਿਆਰ ਹੋਣ। ਇਨਪਰਸਨ ਤੇ ਵਰਚੂਅਲ ਓਪਨ ਹਾਊਸ ਸੈਸ਼ਨਜ਼ ਦਾ ਸਿਲਸਿਲਾ ਅਪਰੈਲ, ਮਈ ਤੇ ਜੂਨ ਵਿੱਚ ਸ਼ੁਰੂ ਹੋਵੇਗਾ ਤੇ ਜਿਹੜੇ ਮਿਸੀਸਾਗਾ ਫਾਇਰਫਾਈਟਰ ਬਣਨਾ ਚਾਹੁੰਦੇ ਹਨ ਉਹ ਇਸ ਦੌਰਾਨ ਸਿਖਲਾਈ ਹਾਸਲ ਕਰ ਸਕਣਗੇ। ਇਸ ਵਿੱਚ ਹਿੱਸਾ ਲੈਣ ਵਾਲੇ ਫਾਇਰਫਾਈਟਰ ਪੁਜ਼ੀਸ਼ਨਜ਼ ਤੇ ਹਾਇਰਿੰਗ ਪ੍ਰਕਿਰਿਆ ਬਾਰੇ ਸਿੱਖਣਗੇ। ਇਸ ਸਬੰਧ ਵਿੱਚ 15 ਜੂਨ ਤੋਂ 10 ਜੁਲਾਈ, 2023 ਤੱਕ jobs.mississauga.ca ਉੱਤੇ ਅਰਜ਼ੀਆਂ ਸਵੀਕਾਰੀਆਂ ਜਾਣਗੀਆਂ।

ਫਾਇਰਫਾਈਟਿੰਗ ਨੂੰ ਕਰੀਅਰ ਵਜੋਂ ਵੇਖਣ ਵਾਲਿਆਂ ਲਈ ਓਪਨ ਹਾਊਸ ਸੈਸ਼ਨਜ਼ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ। ਇਸ ਵਿੱਚ ਮਿਸੀਸਾਗਾ ਦੇ ਫਾਇਰਫਾਈਟਰਜ਼ ਵੱਲੋਂ ਪ੍ਰਸ਼ੰਸਾਪੱਤਰ ਨੂੰ ਵੀ ਸ਼ਾਮਲ ਕੀਤਾ ਜਾਵੇਗਾ, ਜੌਬ ਐਪਲੀਕੇਸ਼ਨ ਬਾਰੇ ਜਾਣਕਾਰੀ ਤੇ ਰਕਰੂਟਮੈਂਟ ਪ੍ਰਕਿਰਿਆ ਬਾਰੇ ਜਾਣਕਾਰੀ ਹੋਵੇਗੀ। ਇਸ ਤੋਂ ਇਲਾਵਾ ਇਸ ਦੌਰਾਨ ਸਵਾਲ ਵੀ ਪੁੱਛੇ ਜਾ ਸਕਣਗੇ। ਇਸ ਲਈ ਰਜਿਸਟ੍ਰੇਸ਼ਨ ਦੀ ਲੋੜ ਹੋਵੇਗੀ।

ਇਨ ਪਰਸਨ ਸੈਸ਼ਨਜ਼ 11 ਅਪਰੈਲ, 2023 ਦਿਨ ਮੰਗਲਵਾਰ ਨੂੰ ਫਾਇਰ ਸਟੇਸ਼ਨ 105 ਉੱਤੇ ਸ਼ਾਮੀਂ 6:00 ਵਜੇ ਤੋਂ 8:00 ਵਜੇ ਤੱਕ 7101 ਗਰਵੇਅ ਡਰੇਲ, ਮਿਸੀਸਾਗਾ, ਓਨ ਐਲ4 ਟੀ 2ਟੀ5 ਉੱਤੇ ਹੋਵੇਗਾ। ...ਬਾਕੀ ਪੰਨਾ 13 'ਤੇ

## ਨਿੱਕੇ ਪ੍ਰੋਜੈਕਟਸ ਤੇ ਲਾਈਵ ਮਿਊਜ਼ਿਕ ਗ੍ਰਾਂਟਸ ਲਈ ਸਵੀਕਾਰੀਆਂ ਜਾ ਰਹੀਆਂ ਹਨ ਅਰਜ਼ੀਆਂ

ਮਿਸੀਸਾਗਾ, 13 ਅਪਰੈਲ (ਪੋਸਟ ਬਿਊਰੋ) : ਸਿਟੀ ਆਫ ਮਿਸੀਸਾਗਾ ਵੱਲੋਂ ਗ੍ਰਾਂਟਾਂ ਦੇਣ ਲਈ ਅਰਜ਼ੀਆਂ ਸਵੀਕਾਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਜਿਨ੍ਹਾਂ ਬਿਨੈਕਾਰਾਂ ਨੂੰ ਇਸ ਵਿੱਚ ਦਿਲਚਸਪੀ ਹੈ ਉਹ ਸਮਾਲ ਪ੍ਰੋਜੈਕਟਸ ਮੈਚਿੰਗ ਗ੍ਰਾਂਟ ਲਈ ਅਪਲਾਈ ਕਰ ਸਕਦੇ ਹਨ। ਇਹ ਅਰਜ਼ੀਆਂ 15



ਮਾਰਚ ਤੋਂ ਸਵੀਕਾਰਨੀਆਂ ਸ਼ੁਰੂ ਕੀਤੀਆਂ ਗਈਆਂ ਹਨ ਤੇ ਲਾਈਵ ਮਿਊਜ਼ਿਕ ਗ੍ਰਾਂਟ ਲਈ ਅਰਜ਼ੀਆਂ 3 ਅਪਰੈਲ ਤੋਂ ਸਵੀਕਾਰੀਆਂ ਜਾਣੀਆਂ ਸ਼ੁਰੂ ਹੋਈਆਂ ਹਨ।

ਸਮਾਲ ਪ੍ਰੋਜੈਕਟਸ ਮੈਚਿੰਗ ਗ੍ਰਾਂਟ ਪ੍ਰੋਗਰਾਮ ਅਜਿਹਾ ਗੈਰ ਮੁਨਾਫੇ ਵਾਲਾ ਗ੍ਰਾਂਟ ਪ੍ਰੋਗਰਾਮ ਹੈ ਜਿਸ ਤਹਿਤ ਨੇਬਰਹੁੱਡਜ਼ ਨੂੰ ਮਜ਼ਬੂਤ ਕੀਤਾ ਜਾਂਦਾ ਹੈ, ਸਥਾਨਕ ਬਾਸ਼ਿੰਦਿਆਂ ਦੀ ਸ਼ਮੂਲੀਅਤ ਵਧਾਈ ਜਾਂਦੀ ਹੈ ਤੇ ਨੇਬਰਹੁੱਡ ਪੱਧਰ ਉੱਤੇ ਹੋਣ ਵਾਲੇ ਈਵੈਂਟਸ ਤੇ ਗਤੀਵਿਧੀਆਂ ਵਿੱਚ ਮਿਸੀਸਾਗਾ ਵਾਸੀਆਂ ਦੀ ਸ਼ਮੂਲੀਅਤ ਵਧਾਉਣ ਵੱਲ ਜ਼ੋਰ ਦਿੱਤਾ ਜਾਂਦਾ ਹੈ। ...ਬਾਕੀ ਪੰਨਾ 13 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

ON TIME HEATING COOLING & REFRIGERATION
ac - furnance - heat pump - boilers - gasline - walk in cooler - water heater
Fully licensed team and govt. rebate upto $8,000
SAURAVDEEP SINGH: 226-332-4040

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Easter SALE
$299 $2,999 $299 $399 $4,499 $4,649
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
- Real Estate
- Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟਕਟਰ
647-998-7500
ਬਲਵਿੰਦਰ

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


WITH WARM WISHES FROM
MY FAMILY TO YOURS
Happy Vaisakhi
and Sikh Heritage
Month
SONIA SIDHU
MEMBER OF PARLIAMENT
BRAMPTON SOUTH
5 Montpelier Street Suite 214
Brampton, ON L6Y 6H4
905-846-0076
sonia.sidhu@parl.gc.ca
SONIASIDHU.LIBPARL.CA
@SONIALIBERAL
/SONIASIDHULIBERAL
@SONIASIDHU


APRIL 14th
Happy
Vaisakhi
ਆਪ ਸਭ ਨੂੰ ਖਾਲਸੇ ਦੇ ਜਨਮ
ਦਿਹਾੜੇ ਅਤੇ ਵਿਸਾਖੀ ਦੀਆਂ
ਲੱਖ ਲੱਖ ਵਧਾਈਆਂ
JAS TOOR
Salesperson
(Sutton Group Realty Inc.)
Call: (647) 242-8667
JAGDISH GREWAL
Salesperson
(Century 21 President Inc.)
Call: (416) 970-5005

# ਮਿਸੀਸਾਗਾ ਵਿੱਚ ਮਨਾਇਆ ਜਾ ਰਿਹਾ ਹੈ ਨੈਸ਼ਨਲ ਵਾਲੰਟੀਅਰ ਵੀਕ 2023

ਮਿਸੀਸਾਗਾ, 13 ਅਪਰੈਲ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਰਹਿਣਾ ਆਪਣੇ ਆਪ ਵਿੱਚ ਵੱਡੀ ਗੱਲ ਇਸ ਲਈ ਹੈ ਕਿ ਇੱਥੇ ਕਮਿਊਨਿਟੀਜ਼ ਦਾ ਕਮਾਲ ਦਾ ਨੈੱਟਵਰਕ ਹੈ। ਵੇਲੇ ਕੁਵੇਲੇ ਇੱਕ ਦੂਜੇ ਦੀ ਮਦਦ ਕਰਨ ਤੋਂ ਇਲਾਵਾ ਅਜਿਹੇ ਕਈ ਗਰੁੱਪਜ਼ ਤੇ ਆਰਗੇਨਾਈਜ਼ੇਸ਼ਨਜ਼ ਹਨ ਜਿਹੜੇ ਅਜਿਹੇ ਲੋਕਾਂ ਨਾਲ ਬਣੇ ਹਨ ਜਿਹੜੇ ਅਹਿਮ ਕਾਰਨ ਲਈ ਆਪਣੇ ਸਮੇਂ, ਪੈਸੇ, ਹੁਨਰ, ਡੋਨੇਸ਼ਨਜ਼ ਤੇ ਗਿਆਨ ਨਾਲ ਵਾਲੰਟੀਅਰ ਵਜੋਂ ਕੰਮ ਕਰਦੇ ਹਨ। ਸਿਟੀ ਦੇ ਸਮਾਜਕ ਤਾਣੇ ਬਾਣੇ ਵਿੱਚ ਇਹ ਵਾਲੰਟੀਅਰ ਦਇਆ, ਸੰਭਾਲ ਤੇ ਫਰਾਖ਼ਦਿਲੀ ਦੀਆਂ ਤੰਦਾ ਬੁਣਦੇ ਹਨ।






ਇਸ ਸਾਲ 16 ਅਪਰੈਲ ਤੋਂ 22 ਅਪਰੈਲ ਤੱਕ ਨੈਸ਼ਨਲ ਵਾਲੰਟੀਅਰ ਵੀਕ ਮਨਾਇਆ ਜਾ ਰਿਹਾ ਹੈ। ਇਹ ਜਸ਼ਨ ਸਾਲਾਨਾ ਮਨਾਏ ਜਾਂਦੇ ਹਨ ਤੇ ਇਸ ਦੌਰਾਨ ਇਹ ਦੱਸਿਆ ਜਾਂਦਾ ਹੈ ਕਿ ਕੈਨੇਡਾ ਵਿੱਚ ਵਾਲੰਟੀਅਰਜ਼ ਦੀ ਐਨੀ ਅਹਿਮੀਅਤ ਕਿਉਂ ਹੈ। ਇਸ ਸਾਲ ਦਾ ਥੀਮ ਹੈ ਵਾਲੰਟੀਅਰਿੰਗ ਵੀਵਜ਼ ਅੱਸ ਟੂਗੈਦਰ (Volunteering Weaves Us Together)। ਭਾਵੇਂ ਘਰਾਂ ਦਾ ਨਿਰਮਾਣ ਹੋਵੇ, ਪਾਰਕ ਸਾਫ ਕਰਨਾ ਜਾਂ ਕਿਸੇ ਟੀਮ ਨੂੰ ਕੋਚ ਕਰਨਾ ਹੋਵੇ, ਕਿਸੇ ਬਿਮਾਰ ਦੋਸਤ ਦੀ ਮਦਦ ਲਈ ਖਾਣਾ ਬਣਾਉਣਾ ਹੋਵੇ, ਗੁਆਂਢੀਆਂ ਦੀ ਦੇਖਭਾਲ ਦਾ ਮਾਮਲਾ ਹੋਵੇ ਜਾਂ ਕਿਸੇ ਅਨਜਾਣ ਵਿਅਕਤੀ ਦੀ ਮਦਦ ਕਰਨੀ ਹੋਵੇ ਤਾਂ ਸਾਡੇ ਸਮਾਜ ਵਿੱਚ ਵਾਲੰਟੀਅਰ ਅਹਿਮ ਭੂਮਿਕਾ ਨਿਭਾਉਂਦੇ ਹਨ।

ਜੇ ਤੁਹਾਡੀ ਆਰਗੇਨਾਈਜ਼ੇਸ਼ਨ ਨੂੰ ਜਾਂ ਤੁਹਾਨੂੰ ਵਾਲੰਟੀਅਰ ਦੇ ਕੰਮ ਨਾਲ ਫਾਇਦਾ ਹੋਇਆ ਹੈ ਤਾਂ ਨੈਸ਼ਨਲ ਵਾਲੰਟੀਅਰ ਵੀਕ ਉਨ੍ਹਾਂ ਦੇ ਯੋਗਦਾਨ ਦਾ ਮੁੱਲ ਪਾਉਣ ਦਾ ਸੁਨਹਿਰਾ ਮੌਕਾ ਹੈ। ਫਿਰ ਭਾਵੇਂ ਸਧਾਰਨ ਜਿਹਾ ਸ਼ੁਕਰੀਆ ਕਰਨਾ ਹੋਵੇ ਜਾਂ ਰੈਫਰੈਂਸ ਲੈਟਰ ਦੇਣਾ ਹੋਵੇ ਜਾਂ ਗਰੁੱਪ ਦਾ ਇੱਕਠ ਕਰਨਾ ਹੋਵੇ, ਹਰ ਕੋਸ਼ਿਸ਼ ਦੇ ਆਪਣੇ ਮਾਇਨੇ ਹਨ। ਇਸ ਲਈ ਸਾਨੂੰ ਵਾਲੰਟੀਅਰਜ਼ ਦੇ ਕੰਮਾਂ ਤੇ ਉਨ੍ਹਾਂ ਦੇ ਜਜ਼ਬੇ ਨੂੰ ਸਲਾਮ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਵੱਲੋਂ ਕੀਤੇ ਕੰਮ ਨੂੰ ਮਾਨਤਾ ਦੇਣੀ ਚਾਹੀਦੀ ਹੈ।

ਵਾਲੰਟੀਅਰ ਦਾ ਕੰਮ ਕਰਨ ਨਾਲ ਜਿੱਥੇ ਕਮਿਊਨਿਟੀ ਵਿੱਚ ਵਿਚਰਨ, ਕਮਿਊਨਿਟੀ ਦੇ ਕੰਮਾਂ ਨੂੰ ਅੰਜਾਮ ਦੇਣ, ਨਵੇਂ ਸੰਪਰਕ ਬਣਾਉਣ ਤੇ ਦੋਸਤ ਬਣਾਉਣ ਦਾ ਮੌਕਾ ਮਿਲਦਾ ਹੈ ਉੱਥੇ ਹੀ ਵਿਸ਼ਵਾਸ ਦੇ ਨਾਲ ਨਾਲ ਇੱਕ ਦੂਜੇ ਦੇ ਕੰਮ ਆਉਣ ਦਾ ਹੁਨਰ ਵੀ ਪੈਦਾ ਹੁੰਦਾ ਹੈ। ਵਾਲੰਟੀਅਰ ਸਾਨੂੰ ਜੋੜ ਕੇ ਰੱਖਦੇ ਹਨ ਤੇ ਸਾਜੇ ਸਮਾਜਕ ਤਾਣੇ-ਬਾਣੇ ਨੂੰ ਮਜ਼ਬੂਤ ਕਰਦੇ ਹਨ।

ਸਿਟੀ ਵਿੱਚ ਨੌਜਵਾਨਾਂ ਤੇ ਬਾਲਗਾਂ ਲਈ ਕਮਿਊਨਿਟੀ ਨਿਰਮਾਣ ਵਿੱਚ ਮਦਦ ਕਰਨ ਦੇ ਕਈ ਮੌਕੇ ਹਨ। ਤੁਹਾਡੇ ਹੁਨਰ ਤੇ ਤੁਹਾਡੀ ਰੂਚੀ ਮੁਤਾਬਕ ਤੁਸੀਂ ਕਈ ਤਰ੍ਹਾਂ ਦੇ ਵਾਲੰਟੀਅਰ ਕੰਮ ਕਰ ਸਕਦੇ ਹੋਂ, ਜਿਵੇਂ ਕਿ ਕੁੱਤਿਆਂ ਨੂੰ ਸੈਰ ਕਰਵਾਉਣਾ, ਬਿੱਲੀਆਂ ਨਾਲ ਖੇਡਣਾ, ਸੈਲੀਬ੍ਰੇਸ਼ਨ ਸਕੁਏਅਰ ਉੱਤੇ ਹੋਣ ਵਾਲੇ ਸਿਟੀ ਦੇ ਈਵੈਂਟਸ ਵਿੱਚ ਮਦਦ ਕਰਨਾ, ਗਾਰਡਨਜ਼ ਤੇ ਪਾਰਕ ਸਪੇਸਿਜ਼ ਨੂੰ ਮੇਨਟੇਨ ਕਰਨ ਵਿੱਚ ਮਦਦ ਕਰਨਾ ਆਦਿ। ਤੁਸੀਂ ਮਨੋਰੰਜਨ ਦੇ ਪ੍ਰੋਗਰਾਮਾਂ, ਪੂਲ, ਕੈਂਪ ਜਾਂ ਹੋਰਨਾਂ ਪ੍ਰੋਗਰਾਮਾਂ ਦਾ ਹਿੱਸਾ ਵੀ ਬਣ ਸਕਦੇ ਹੋਂ। ਤਜਰਬਾ ਹਾਸਲ ਕਰਨ ਤੇ ਭਵਿੱਖ ਵਿੱਚ ਪਾਰਟ ਟਾਈਮ ਕੰਮ ਕਰਨ ਲਈ ਵਾਲੰਟੀਅਰ ਵਜੋਂ ਕੰਮ ਕੀਤਾ ਹੋਣਾ ਕਾਰਗਰ ਹੋ ਸਕਦਾ ਹੈ।

ਸੈਕੰਡਰੀ ਸਕੂਲ ਦੇ ਵਿਦਿਆਰਥੀ ਮਾਈਵੇਅ ਸਟੂਡੈਂਟ ਅੰਬੈਸਡਰ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ, ਸਿਟੀ ਆਫ ਮਿਸੀਸਾਗਾ ਲਾਇਬ੍ਰੇਰੀ ਦੇ ਟੀਨ ਐਡਵਾਈਜ਼ਰੀ ਗਰੁੱਪ (ਟੀਏਜੀ) ਰਾਹੀਂ ਯੰਗ ਐਡਲਟਸ ਦੀ ਮਦਦ ਲਈ ਲਾਇਬ੍ਰੇਰੀ ਸਟਾਫ ਦੀ ਮਦਦ ਵਾਸਤੇ ਟੀਨਜ਼ ਮਦਦ ਕਰ ਸਕਦੇ ਹਨ ਤੇ ਵਾਲੰਟੀਅਰ ਆਰਜ਼ ਕਮਾ ਸਕਦੇ ਹਨ। ਐਡਲਟ ਸਿਟੀ ਆਫ ਮਿਸੀਸਾਗਾ ਕਮੇਟੀ ਜਾਂ ਬੋਰਡ ਦੇ ਸਿਟੀਜ਼ਨ ਮੈਂਬਰ ਬਣਨ ਲਈ ਵੀ ਅਪਲਾਈ ਕਰ ਸਕਦੇ ਹਨ।

ਮਿਸੀਸਾਗਾ ਵਿੱਚ ਵਾਲੰਟੀਅਰਿੰਗ ਕਰਨਾ ਮਜ਼ੇਦਾਰ ਵੀ ਹੋ ਸਕਦਾ ਹੈ। ਤੁਹਾਨੂੰ ਆਪਣੇ ਨਾਲ ਆਪਣੇ ਪਾਲਤੂ ਜਾਨਵਰ ਨੂੰ ਲਿਆਉਣਾ ਹੋਵੇਗਾ। ਕੁੱਝ ਆਰਗੇਨਾਈਜ਼ੇਸ਼ਨਜ਼ ਜਿਵੇਂ ਕਿ ਸੇਂਟ ਜੌਹਨ ਐਂਬੂਲੈਂਸ ਪੀਲ ਬ੍ਰਾਂਚ ਕਈ ਤਰ੍ਹਾਂ ਦੇ ਮੌਕੇ ਮੁਹੱਈਆ ਕਰਵਾਉਂਦੀਆਂ ਹਨ। ਇਨ੍ਹਾਂ ਵਿੱਚੋਂ ਇੱਕ ਹੈ ਥੈਰੇਪੀ ਡੌਗ ਪ੍ਰੋਗਰਾਮ, ਜਿੱਥੇ ਵਾਲੰਟੀਅਰ ਤੇ ਉਨ੍ਹਾਂ ਦੇ ਕੁੱਤੇ ਹਸਪਤਾਲਾਂ, ਸੀਨੀਅਰ ਰੈਂਜ਼ੀਡੈਂਸਿਜ਼ ਜਾਂ ਨਰਸਿੰਗ ਹੋਮਜ਼ ਇੱਕਠੇ ਜਾਂਦੇ ਹਨ ਤੇ ਮਰੀਜ਼ਾਂ ਤੇ ਰੈਜ਼ੀਡੈਂਟਸ ਦੀ ਮਦਦ ਕਰਦੇ ਹਨ।

ਜੇ ਤੁਸੀਂ ਵੀ ਵਾਲੰਟੀਅਰ ਬਣਨਾ ਚਾਹੁੰਦੇ ਹੋਂ ਤੇ ਤੁਹਾਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਸ਼ੁਰੂਆਤ ਕਿੱਥੋਂ ਕੀਤੀ ਜਾਵੇ ਤਾਂ ਸਿਟੀ ਆਫ ਮਿਸੀਸਾਗਾ ਦੇ ਵਾਲੰਟੀਅਰ ਪੇਜ ਉੱਤੇ ਜਾਓ। ਤੁਹਾਨੂੰ ਸਿਟੀ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਵਾਲੰਟੀਅਰ ਪੁਜ਼ੀਸ਼ਨਜ਼ ਤੇ ਵਾਲੰਟੀਆ ਐਮਬੀਸੀ ਵੈੱਬਸਾਈਟ ਦਾ ਕੁਨੈਕਸ਼ਨ ਮਿਲੇਗਾ। ਇੱਥੇ ਤੁਸੀਂ ਬਤੌਰ ਵਾਲੰਟੀਅਰ ਅਪਲਾਈ ਕਰ ਸਕਦੇ ਹੋਂ।

# ਚੋਣਾਂ ਵਿੱਚ ਵਿਦੇਸ਼ੀ ਦਖਲ ਬਾਰੇ ਸ਼ੁੱਕਰਵਾਰ ਨੂੰ ਕਮੇਟੀ ਸਾਹਮਣੇ ਪੇਸ਼ ਹੋਵੇਗੀ ਟੈਲਫੋਰਡ

ਓਟਵਾ, 13 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਚੀਫ ਆਫ ਸਟਾਫ ਕੇਟੀ ਟੈਲਫੋਰਡ, ਸ਼ੁੱਕਰਵਾਰ ਨੂੰ ਪਾਰਲੀਆਮੈਂਟਰੀ ਕਮੇਟੀ ਸਾਹਮਣੇ ਪੇਸ਼ ਹੋਵੇਗੀ।



ਪ੍ਰਧਾਨ ਮੰਤਰੀ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟੈਲਫੋਰਡ ਕੈਨੇਡੀਅਨ ਚੋਣਾਂ ਵਿੱਚ ਵਿਦੇਸ਼ੀ ਦਖਲ ਦੇ ਮੁੱਦੇ ਉੱਤੇ ਪ੍ਰੋਸੀਜ਼ਰ ਤੇ ਹਾਊਸ ਅਫੇਅਰਜ਼ ਕਮੇਟੀ ਸਾਹਮਣੇ ਗਵਾਹੀ ਦੇਵੇਗੀ। ਆਫਿਸ ਨੇ ਇਹ ਵੀ ਆਖਿਆ ਕਿ ਅਜੇ ਇਸ ਸਬੰਧ ਵਿੱਚ ਕੋਈ ਪੱਕਾ ਸਮਾਂ ਨਹੀਂ ਦੱਸਿਆ ਗਿਆ ਹੈ। ਟੈਲਫੋਰਡ ਨੇ ਪਿਛਲੇ ਮਹੀਨੇ ਕਮੇਟੀ ਨਾਲ ਮੁਲਾਕਾਤ ਕਰਨ ਉੱਤੇ ਸਹਿਮਤੀ ਦਿੱਤੀ ਸੀ। ਪਰ ਲਿਬਰਲਾਂ ਵੱਲੋਂ ਕਈ ਤਰ੍ਹਾਂ ਦੇ ਅੜਿੱਕੇ ਪਾ ਕੇ ਉਸ ਦੀ ਸੁਣਵਾਈ ਟਾਲੀ ਜਾਂਦੀ ਰਹੀ।

ਉਸ ਸਮੇਂ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਸੀ ਕਿ ਜੇ ਸਰਕਾਰ ਇਸ ਮਾਮਲੇ ਵਿੱਚ ਖੁਦ ਸਹਿਮਤ ਨਹੀਂ ਹੁੰਦੀ ਤਾਂ ਟੈਲਫੋਰਡ ਨੂੰ ਗਵਾਹੀ ਦੇਣ ਲਈ ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਮਤੇ ਦਾ ਐਨਡੀਪੀ ਸਮਰਥਨ ਕਰੇਗੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਇਸ ਹਫਤੇ ਟੋਰਾਂਟੋ ਵਿੱਚ 25 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ ਤਾਪਮਾਨ

ਓਨਟਾਰੀਓ, 13 ਅਪਰੈਲ (ਪੋਸਟ ਬਿਊਰੋ) : ਦੱਖਣੀ ਓਨਟਾਰੀਓ ਵਿੱਚ ਇਸ ਹਫਤੇ ਗਰਮ ਮੌਸਮ ਦੀ ਝਲਕ ਵੇਖਣ ਨੂੰ ਮਿਲ ਸਕਦੀ ਹੈ। ਕੀਤੀ ਗਈ ਪੇਸ਼ੀਨਿਗੋਈ ਤੋਂ ਸਾਹਮਣੇ ਆਇਆ ਹੈ ਕਿ ਪ੍ਰੋਵਿੰਸ ਦਾ ਤਾਪਮਾਨ ਇਸ ਵਾਰੀ ਨਵੇਂ ਰਿਕਾਰਡ ਕਾਇਮ ਕਰੇਗਾ।



ਐਨਵਾਇਰਮੈਂਟ ਐਂਡ ਕਲਾਈਮੇਟ ਚੇਂਜ ਕੈਨੇਡਾ ਅਨੁਸਾਰ ਦੱਖਣੀ ਓਨਟਾਰੀਓ ਦੇ ਕਈ ਰੀਜਨਜ਼, ਜਿਨ੍ਹਾਂ ਵਿੱਚ ਵਿੰਡਸਰ, ਲੰਡਨ, ਟੋਰਾਂਟੋ, ਕਿਚਨਰ ਆਦਿ ਸ਼ਾਮਲ ਹਨ, ਵਿੱਚ ਆਉਣ ਵਾਲੇ ਹਫਤੇ ਵਿੱਚ ਤਾਪਮਾਨ 27 ਡਿਗਰੀ ਸੈਲਸੀਅਸ ਤੱਕ ਅੱਪੜਨ ਦੀ ਸੰਭਾਵਨਾ ਹੈ। ਪ੍ਰੋਵਿੰਸ ਵਿੱਚ ਬਹੁਤੀਆਂ ਥਾਂਵਾਂ ਉੱਤੇ ਪੂਰਾ ਹਫਤਾ ਆਸਮਾਨ ਸਾਫ ਰਹੇਗਾ ਤੇ ਧੁੱਪ ਖਿੜੀ ਰਹੇਗੀ। ਬੁੱਧਵਾਰ ਨੂੰ ਟੋਰਾਂਟੋ ਤੇ ਇਸ ਦੇ ਨੇੜਲੇ ਕੁੱਝ ਇਲਾਕਿਆਂ ਵਿੱਚ ਹਲਕਾ ਮੀਂਹ ਪੈਣ ਦੀ ਸੰਭਾਵਨਾ ਹੈ।

ਟੋਰਾਂਟੋ ਵਿੱਚ ਇਸ ਹਫਤੇ ਦੀ ਸ਼ੁਰੂਆਤ, ਸੋਮਵਾਰ ਤੋਂ 18 ਡਿਗਰੀ ਸੈਲਸੀਅਸ ਤਾਪਮਾਨ ਨਾਲ ਹੋਵੇਗੀ ਤੇ ਇਸ ਤੋਂ ਬਾਅਦ ਗਰਮੀ ਵੱਧਦੀ ਜਾਵੇਗੀ। ਵੀਰਵਾਰ ਦਾ ਦਿਨ ਹਫਤੇ ਦਾ ਸੱਭ ਤੋਂ ਗਰਮ ਦਿਨ ਹੋਵੇਗਾ ਜਦੋਂ ਤਾਪਮਾਨ ਸਿਟੀ ਵਿੱਚ 25 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਵੇਗਾ। ਸੋਮਵਾਰ ਦੀ ਰਾਤ ਨੂੰ ਤਾਪਮਾਨ ਸੱਤ ਡਿਗਰੀ ਸੈਲਸੀਅਸ ਰਹਿਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ। ਵੈਦਰ ਨੈੱਟਵਰਕ ਅਨੁਸਾਰ 11 ਤੋਂ 14 ਅਪਰੈਲ ਤੱਕ ਹੀਟ ਰਿਕਾਰਡ ਵੀ ਟੁੱਟ ਸਕਦਾ ਹੈ। 14 ਅਪਰੈਲ ਨੂੰ ਤਾਪਮਾਨ ਰਿਕਾਰਡ ਤੋੜਨ ਵਾਲਾ ਰਹੇਗਾ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

NEED A LAWYER ??
KAUR LAW OFFICE
Red Seal NOTARY
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਯੂਕਰੇਨ ਦੇ ਪ੍ਰਧਾਨ ਮੰਤਰੀ ਦੇ ਕੈਨੇਡਾ ਦੌਰੇ ਦੌਰਾਨ ਟਰੂਡੋ ਨੇ ਐਲਾਨੀ ਨਵੀਂ ਮਿਲਟਰੀ ਮਦਦ

ਓਟਵਾ, 13 ਅਪ੍ਰੈਲ (ਪੋਸਟ ਬਿਊਰੋ) : ਮੰਗਲਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਯੂਕਰੇਨ ਲਈ ਨਵੀਂ ਮਿਲਟਰੀ, ਆਰਥਿਕ ਤੇ ਸੱਭਿਆਚਾਰਕ ਮਦਦ ਦਾ ਐਲਾਨ ਕੀਤਾ ਗਿਆ। ਇਹ ਐਲਾਨ ਟਰੂਡੋ ਨੇ ਟੋਰਾਂਟੋ ਵਿੱਚ ਯੂਕਰੇਨ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਸਮੇਂ ਕੀਤਾ।



ਕੈਨੇਡਾ ਵੱਲੋਂ ਐਲਾਨੀ ਗਈ ਮਦਦ ਤਹਿਤ ਹਜ਼ਾਰਾਂ ਦੀ ਗਿਣਤੀ ਵਿੱਚ ਰਾਈਫਲਾਂ, ਦਰਜਨਾਂ ਮਸ਼ੀਨ ਗੰਨਜ਼ ਤੇ ਵੱਡੀ ਗਿਣਤੀ ਵਿੱਚ ਗੋਲੀ ਸਿੱਕਾ ਯੂਕਰੇਨ ਨੂੰ ਮੁਹੱਈਆ ਕਰਵਾਇਆ ਜਾਵੇਗਾ।ਟਰੂਡੋ ਤੇ ਯੂਕਰੇਨ ਦੇ ਪ੍ਰਧਾਨ ਮੰਤਰੀ ਡੈਨਿਸ ਸ਼ਮਹੈਲ ਵੱਲੋਂ ਇੱਕ ਨਵੇਂ ਸਮਝੌਤੇ ਉੱਤੇ ਵੀ ਦਸਤਖ਼ਤ ਕੀਤੇ ਗਏ ਹਨ ਜਿਸ ਤਹਿਤ ਯੂਕਰੇਨੀਅਨ ਤੇ ਕੈਨੇਡੀਅਨ ਨੌਜਵਾਨਾਂ ਨੂੰ ਕੰਮਕਾਜ ਵਿੱਚ ਤੇ ਦੋਵਾਂ ਦੇਸ਼ਾਂ ਵਿੱਚ ਟਰੈਵਲ ਦੌਰਾਨ ਮਦਦ ਮਿਲੇਗੀ। ਇਸ ਦੇ ਨਾਲ ਹੀ ਮੌਜੂਦਾ ਕੈਨੇਡਾ-ਯੂਕਰੇਨ ਫਰੀ ਟਰੇਡ ਡੀਲ ਨੂੰ ਵੀ ਅਪਡੇਟ ਕੀਤਾ ਗਿਆ ਹੈ।

ਇਸ ਮੌਕੇ ਟਰੂਡੋ ਨੇ ਆਖਿਆ ਕਿ ਕੈਨੇਡਾ ਵੱਲੋਂ 14 ਰੂਸੀ ਵਿਅਕਤੀਆਂ, 34 ਰੂਸੀ ਵਸਤਾਂ ਅਤੇ ਬੇਲਾਰੂਸ ਵਿੱਚ ਵਿੱਤੀ ਸੈਕਟਰ ਨਾਲ ਜੁੜੀਆਂ ਨੌਂ ਆਰਗੇਨਾਈਜ਼ੇਸ਼ਨਜ਼ ਉੱਤੇ ਵੀ ਨਵੀਆਂ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਅਜਿਹਾ ਇਨ੍ਹਾਂ ਵੱਲੋਂ ਰੂਸ ਦੇ ਯੂਕਰੇਨ ਉੱਤੇ ਕੀਤੇ ਹਮਲੇ ਨੂੰ ਸਮਰਥਨ ਦੇਣ ਬਦਲੇ ਕੀਤਾ ਜਾ ਰਿਹਾ ਹੈ।ਸ਼ਮਹੈਲ ਨਾਲ ਨਿਊਜ਼ ਕਾਨਫਰੰਸ ਦੌਰਾਨ ਟਰੂਡੋ ਨੇ ਆਖਿਆ ਕਿ ਯੂਕਰੇਨ ਦਾ ਹੌਸਲਾ ਲਾਸਾਨੀ ਹੈ। ਉਨ੍ਹਾਂ ਆਖਿਆ ਕਿ ਪੂਤਿਨ ਦੇ ਜ਼ਾਲਮਾਨਾਂ ਫੈਸਲੇ ਤੇ ਕੀਤੀ ਗਈ ਚੜ੍ਹਾਈ ਖਿਲਾਫ ਯੂਕਰੇਨ ਨੇ ਖੁਦ ਦੀ ਹਿਫਾਜ਼ਤ ਲਈ ਡਟਣ ਦਾ ਜਿਹੜਾ ਜਿਗਰਾ ਕੀਤਾ ਹੈ ਉਸ ਦੀ ਕੈਨੇਡਾ ਸ਼ਲਾਘਾ ਕਰਦਾ ਹੈ ਤੇ ਇਸ ਲਈ ਅਸੀਂ ਯੂਕਰੇਨ ਦੀ ਹਰ ਸੰਭਵ ਮਦਦ ਕਰਦੇ ਰਹਾਂਗੇ।

ਇਸ ਦੌਰਾਨ ਯੂਕਰੇਨ ਦੇ ਪ੍ਰਧਾਨ ਮੰਤਰੀ ਵੱਲੋਂ ਹਰ ਤਰ੍ਹਾਂ ਦੇ ਦਿੱਤੇ ਜਾ ਰਹੇ ਸਮਰਥਨ ਲਈ ਕੈਨੇਡਾ ਦਾ ਸ਼ੁਕਰੀਆ ਵੀ ਅਦਾ ਕੀਤਾ ਗਿਆ। ਉਨ੍ਹਾਂ ਪੂਰਬੀ ਯੂਕਰੇਨ ਵਿੱਚ ਡਿਫੈਂਸ ਨੂੰ ਹੋਰ ਮਜ਼ਬੂਤ ਕਰਨ ਲਈ ਵਾਧੂ ਮਿਲਟਰੀ ਸਹਿਯੋਗ ਦੀ ਵੀ ਕੈਨੇਡਾ ਤੋਂ ਮੰਗ ਕੀਤੀ।

# ਓਨਟਾਰੀਓ ਨੇ ਪੇਸ਼ ਕੀਤੀਆਂ ਅਲਟਰਾ ਲੋਅ ਓਵਰਨਾਈਟ ਹਾਈਡਰੋ ਦਰਾਂ

ਓਨਟਾਰੀਓ, 13 ਅਪ੍ਰੈਲ (ਪੋਸਟ ਬਿਊਰੋ) : ਓਨਟਾਰੀਓ ਹਾਈਡਰੋ ਦੇ ਕਸਟਮਰਜ਼, ਖਾਸਤੌਰ ਉੱਤੇ ਜਿਨ੍ਹਾਂ ਨੂੰ ਰਾਤ ਨੂੰ ਵਧੇਰੇ ਬਿਜਲੀ ਵਰਤਣ ਦੀ ਲੋੜ ਪੈਂਦੀ ਹੈ, ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੰਪਨੀ ਵੱਲੋਂ ਰਾਤ ਭਰ ਲਈ ਅਲਟਰਾ ਲੋਅ ਦਰਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਦੀ ਵਰਤੋਂ ਓਨਟਾਰੀਓ ਹਾਈਡਰੋ ਦੇ ਕਸਟਮਰਜ਼ ਜਲਦ ਹੀ ਕਰ ਸਕਣਗੇ।

ਐਨਰਜੀ ਮੰਤਰੀ ਟੈੱਡ ਸਮਿੱਥ ਦਾ ਕਹਿਣਾ ਹੈ ਕਿ ਨਵਾਂ ਰੇਟ ਪ੍ਰਤੀ ਕਿਲੋਵਾਟ ਘੰਟੇ ਪਿੱਛੇ 2.4 ਸੈਂਟ ਹੋਵੇਗਾ, ਜੋ ਕਿ ਇਸ ਸਮੇਂ ਰਾਤ ਭਰ ਲਈ ਲਾਗੂ ਦਰਾਂ ਤੋਂ 67 ਫੀ ਸਦੀ ਘੱਟ ਹੋਵੇਗਾ।ਸਮਿੱਥ ਨੇ ਆਖਿਆ ਕਿ ਸਾਡੀ ਸਰਕਾਰ ਚਾਹੁੰਦੀ ਹੈ ਕਿ ਪਰਿਵਾਰ ਆਪਣੇ ਬਿਜਲੀ ਦੇ ਬਿੱਲਾਂ ਨੂੰ ਕੰਟਰੋਲ ਕਰ ਸਕਣ ਤੇ ਇਸ ਨਵੇਂ ਅਲਟਰਾ ਲੋਅ ਓਵਰਨਾਈਟ ਪ੍ਰਾਈਸ ਪਲੈਨ ਨਾਲ ਪਰਿਵਾਰਾਂ ਦੇ ਨਾਲ ਨਾਲ ਉਨ੍ਹਾਂ ਨਿੱਕੇ ਕਾਰੋਬਾਰਾਂ



ਨੂੰ ਵੀ ਫਾਇਦਾ ਹੋਵੇਗਾ ਜਿਨ੍ਹਾਂ ਨੂੰ ਰਾਤ ਸਮੇਂ ਵੱਧ ਬਿਜਲੀ ਵਰਤਣ ਦੀ ਲੋੜ ਪੈਂਦੀ ਹੈ।

ਇਹ ਪਲੈਨ ਪਹਿਲੀ ਮਈ ਤੋਂ ਪ੍ਰਭਾਵੀ ਹੋ ਜਾਵੇਗਾ। ਇਸ ਨਾਲ ਕਸਟਮਰਜ਼ ਇਸ ਪ੍ਰਾਈਸ ਪਲੈਨ ਦੀ ਵਰਤੋਂ ਕਰਕੇ ਸਾਲ ਭਰ ਵਾਸਤੇ 90 ਡਾਲਰ ਦੀ ਬਚਤ ਕਰ ਸਕਦੇ ਹਨ। ਇਸ ਨਾਲ ਗ੍ਰਿੱਡ ਉੱਤੇ ਵੀ ਬੋਝ ਘਟੇਗਾ ਤੇ ਸਾਰੇ ਕਸਟਮਰਜ਼ ਨੂੰ ਹੀ ਅਖੀਰ ਵਿੱਚ ਫਾਇਦਾ ਹੋਵੇਗਾ। ਸਮਿੱਥ ਨੇ ਆਖਿਆ ਕਿ ਵਧੇਰੇ ਫਾਇਦਾ ਉਨ੍ਹਾਂ ਕਸਟਮਰਜ਼ ਨੂੰ ਹੋਵੇਗਾ ਜਿਹੜੇ ਰਾਤ ਸਮੇਂ ਬਿਜਲੀ ਦੀ ਮਦਦ ਨਾਲ ਘਰ ਨਿੱਘੇ ਕਰਦੇ ਹਨ, ਰਾਤ ਨੂੰ ਆਪਣੀਆਂ ਇਲੈਕਟ੍ਰਿਕ ਗੱਡੀਆਂ ਚਾਰਜ ਕਰਦੇ ਹਨ ਤੇ ਜਿਹੜੇ ਸ਼ਿਫਟ ਵਰਕਰਜ਼ ਹਨ।

ਇਸ ਪਲੈਨ ਤਹਿਤ ਹੇਠ ਲਿਖੇ ਅਨੁਸਾਰ ਦਰਾਂ ਰੱਖੀਆਂ ਗਈਆਂ ਹਨ :

- ਰਾਤ ਦੇ 11:00 ਵਜੇ ਤੋਂ ਸਵੇਰ ਦੇ 7:00 ਵਜੇ ਤੱਕ ਰੋਜ਼ਾਨਾ ਅਲਟਰਾ ਲੋਅ ਦਰਾਂ 2•4 ਸੈਂਟ ਪ੍ਰਤੀ ਕਿਲੋਵਾਟ ਹੋਣਗੀਆਂ
- ਰੋਜ਼ਾਨਾ ਸਵੇਰ ਦੇ 7:00 ਵਜੇ ਤੋਂ ਦੁਪਹਿਰ ਦੇ 4:00 ਵਜੇ ਤੇ ਰਾਤ ਦੇ 9:00 ਵਜੇ ਤੋਂ ਰਾਤ ਦੇ 11:00 ਵਜੇ ਤੱਕ ਮਿੱਡ ਪੀਕ ਦਰਾਂ 10.2 ਸੈਂਟ ਪ੍ਰਤੀ ਕਿਲੋਵਾਟ ਹੋਣਗੀਆਂ
- ਦੁਪਹਿਰ ਦੇ 4:00 ਵਜੇ ਤੋਂ ਰਾਤ ਦੇ 9:00 ਵਜੇ ਤੱਕ ਆਨ-ਪੀਕ ਦਰਾਂ 24•0 ਸੈਂਟ ਪ੍ਰਤੀ ਕਿਲੋਵਾਟ ਹੋਣਗੀਆਂ
- ਵੀਕੈਂਡਜ਼ ਤੇ ਵਿਧਾਨਕ ਛੁੱਟੀਆਂ ਮੌਕੇ ਸਵੇਰੇ 7:00 ਤੋਂ ਰਾਤ ਦੇ 11:00 ਵਜੇ ਤੱਕ ਵੀਕੈਂਡ ਆਫ-ਪੀਕ ਦਰਾਂ 7.4 ਸੈਂਟ ਪ੍ਰਤੀ ਕਿਲੋਵਾਟ ਹੋਣਗੀਆਂ

# ਸਟਰੋਲਰ ਵਿੱਚ ਬੱਚੇ ਨੂੰ ਲਿਜਾ ਰਹੀ ਮਹਿਲਾ ਨੂੰ ਗੱਡੀ ਨੇ ਮਾਰੀ ਟੱਕਰ, ਦੋਵੇਂ ਜ਼ਖ਼ਮੀ



ਟੋਰਾਂਟੋ, 13 ਅਪ੍ਰੈਲ (ਪੋਸਟ ਬਿਊਰੋ) : ਸਕਾਰਬਰੋ ਵਿੱਚ ਇੱਕ ਗੱਡੀ ਵੱਲੋਂ ਸਟਰੋਲਰ ਲਿਜਾ ਰਹੀ ਮਹਿਲਾ ਨੂੰ ਟੱਕਰ ਮਾਰੇ ਜਾਣ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਤੇ ਬੱਚੇ ਨੂੰ ਵੀ ਕਾਫੀ ਸੱਟਾਂ ਲੱਗੀਆਂ। ਇਹ ਜਾਣਕਾਰੀ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ।
ਮੰਗਲਵਾਰ ਦੁਪਹਿਰ ਨੂੰ ਫਾਰਮੇਸੀ ਐਵਨਿਊ ਤੇ ਬੋਲਸਟਰ ਐਵਨਿਊ ਏਰੀਆ ਵਿੱਚ ਇੱਕ ਰਾਹਗੀਰ ਨੂੰ ਟੱਕਰ ਮਾਰੇ ਜਾਣ ਦੀਆ ਖਬਰਾਂ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਮਹਿਲਾ ਤੇ ਬੱਚਾ ਦੋਵੇਂ ਗੰਭੀਰ ਰੂਪ ਵਿੱਚ ਜ਼ਖ਼ਮੀ ਹਨ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ। ਡਰਾਈਵਰ ਮੌਕੇ ਉੱਤੇ ਮੌਜੂਦ ਰਿਹਾ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# 10ਵੇਂ ਸਾਲਾਨਾ ਹੋਲੀ ਗਾਲਾ ਵਿੱਚ ਸ਼ੈਰੀ ਮਾਨ ਲਾਉਣਗੇ ਰੌਣਕਾਂ

ਬਰੈਂਪਟਨ, 13 ਅਪਰੈਲ (ਪੋਸਟ ਬਿਊਰੋ) : ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਵੱਲੋਂ ਬੀਵੀਡੀ ਗਰੁੱਪਜ਼ ਨਾਲ ਰਲ ਕੇ 10ਵੇਂ ਸਾਲਾਨਾ ਹੋਲੀ ਗਾਲਾ-ਫੈਸਟੀਵਲ ਆਫ ਕਲਰਜ਼ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਹ ਈਵੈਂਟ 15 ਅਪਰੈਲ, ਦਿਨ ਸ਼ਨਿੱਚਰਵਾਰ ਨੂੰ ਸ਼ਾਮੀਂ 6:00 ਵਜੇ ਤੋਂ ਪੀਅਰਸਨ ਕਨਵੈਂਸ਼ਨ ਸੈਂਟਰ ਵਿਖੇ ਕਰਵਾਇਆ ਜਾਵੇਗਾ। ਇਸ ਈਵੈਂਟ ਦੌਰਾਨ ਓਸਲਰ ਫਾਊਂਡੇਸ਼ਨ ਦਾ ਟੀਚਾ ਇੱਕ ਮਿਲੀਅਨ ਡਾਲਰ ਦਾ ਫੰਡ ਇੱਕਠਾ ਕਰਨਾ ਹੈ ਜਿਸ ਦੀ ਵਰਤੋਂ ਅਹਿਮ ਨਵੀਂ ਤਕਨਾਲੋਜੀ ਖਰੀਦਣ ਤੇ ਅਹਿਮ ਰੀਡਿਵੈਲਪਮੈਂਟ ਪ੍ਰੋਜੈਕਟਸ ਨੂੰ ਸਿਰੇ ਚੜ੍ਹਾਉਣ ਲਈ ਕੀਤੀ ਜਾਵੇਗੀ।ਓਸਲਰ ਦੇ ਡਾਕਟਰਜ਼ ਤੇ ਹੋਲੀ ਗਾਲਾ ਕਮੇਟੀ ਦੇ ਕੋ-ਚੇਅਰਜ਼ ਡਾ. ਵੰਦਨਾ ਆਹਲੂਵਾਲੀਆ ਤੇ ਡਾ• ਗੁਰਜੀਤ ਬਾਜਵਾ ਨੇ ਆਖਿਆ ਕਿ ਪਿਛਲੇ ਇੱਕ ਦਹਾਕੇ ਤੋਂ ਸਾਡੇ ਸਮਰਥਕਾਂ ਵੱਲੋਂ ਹੋਲੀ ਗਾਲਾ ਮੌਕੇ ਬਸੰਤ ਦੇ ਆਉਣ ਦੀ ਖੁਸ਼ੀ ਸਾਂਝੀ ਕੀਤੀ ਜਾਂਦੀ ਰਹੀ ਹੈ। ਇਸ ਸਾਲ ਵੀ ਅਸੀਂ ਕਮਿਊਨਿਟੀ ਨਾਲ ਰਲ ਕੇ ਆਪਣੀਆਂ ਪ੍ਰਾਪਤੀਆਂ ਸਾਂਝੀਆਂ ਕਰਨੀਆਂ ਚਾਹੁੰਦੇ ਹਾਂ। ਇਸ ਰੰਗਾਰੰਗ ਪ੍ਰੋਗਰਾਮ ਵਿੱਚ ਮਸਤੀ, ਮਨੋਰੰਜਨ, ਡਾਂਸ ਆਦਿ ਸੱਭ ਕੁੱਝ ਹੋਵੇਗਾ।



ਇੱਕ ਅੰਦਾਜ਼ੇ ਮੁਤਾਬਕ ਇਸ ਦੌਰਾਨ 900 ਮਹਿਮਾਨ ਹਿੱਸਾ ਲੈਣਗੇ।ਬੀਵੀਡੀ ਗਰੁੱਪ ਦੇ ਪ੍ਰੈਜ਼ੀਡੈਂਟ ਬਿਕਰਮ ਢਿੱਲੋਂ ਨੇ ਆਖਿਆ ਕਿ ਲਗਾਤਾਰ ਦੂਜੇ ਸਾਲ ਇਸ ਈਵੈਂਟ ਨੂੰ ਬੀਵੀਡੀ ਗਰੁੱਪ ਵੱਲੋਂ ਸਪਾਂਸਰ ਕੀਤਾ ਜਾਵੇਗਾ।ਉਨ੍ਹਾਂ ਆਖਿਆ ਕਿ ਅਸੀਂ ਉਨ੍ਹਾਂ ਕਮਿਊਨਿਟੀਜ਼ ਦਾ ਹਿੱਸਾ ਹਾਂ ਜਿਨ੍ਹਾਂ ਲਈ ਓਸਲਰ ਕੰਮ ਕਰ ਰਿਹਾ ਹੈ ਤੇ ਜ਼ਿੰਦਗੀ ਨੂੰ ਬਿਹਤਰ ਬਣਾ ਰਿਹਾ ਹੈ। ਓਸਲਰ ਹਸਪਤਾਲਾਂ ਨੂੰ ਮਦਦ ਦੇਣ ਉੱਤੇ ਸਾਨੂੰ ਮਾਣ ਹੈ। ਉਨ੍ਹਾਂ ਆਖਿਆ ਕਿ ਅਸੀਂ ਇਹ ਵੀ ਜਾਣਦੇ ਹਾਂ ਕਿ ਹੋਲੀ ਗਾਲਾ ਰਾਹੀਂ ਇੱਕਠੇ ਕੀਤੇ ਗਏ ਪੈਸੇ ਨਾਲ ਬਰੈਂਪਟਨ ਤੇ ਇਟੋਬੀਕੋ ਵਿੱਚ ਹੈਲਥ ਕੇਅਰ ਹੋਰ ਮਜ਼ਬੂਤ ਹੋਵੇਗੀ।

ਇਸ ਸਾਲ ਮਨੋਰੰਜਨ ਲਈ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਜਾਣੇ ਪਛਾਣੇ ਗਾਇਕ ਸ਼ੈਰੀ ਮਾਨ ਲਾਈਵ ਪਰਫਾਰਮੈਂਸ ਦੇਣਗੇ। ਸ਼ੈਰੀ ਮਾਨ ਨੇ ਆਪਣੀ ਗਾਇਕੀ ਦੀ ਸ਼ੁਰੂਆਤ 2010 ਵਿੱਚ ਯਾਰ ਅਨਮੁੱਲੇ ਵਰਗੇ ਗਾਣੇ ਨੂੰ ਯੂਟਿਊਬ ਉੱਤੇ ਰਲੀਜ਼ ਕਰਕੇ ਕੀਤੀ ਸੀ। ਹੋਲੀ ਗਾਲਾ ਦੇ ਕਮਿਊਨਿਟੀ ਚੇਅਰ ਪਾਲ ਘੁੰਮਣ ਨੇ ਆਖਿਆ ਕਿ ਇਸ ਈਵੈਂਟ ਦੀ 10ਵੀਂ ਵਰ੍ਹੇਗੰਢ ਮੌਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।

# ਰੌਜਰਜ਼ ਨੇ ਬੀਏਆਈ ਨੂੰ ਖਰੀਦਣ ਦਾ ਕੀਤਾ ਐਲਾਨ

ਟੋਰਾਂਟੋ, 13 ਅਪ੍ਰੈਲ (ਪੋਸਟ ਬਿਊਰੋ) : ਰੌਜਰਜ਼ ਕਮਿਊਨਿਕੇਸ਼ਨਜ਼ ਇਨਕਾਰਪੋਰੇਸ਼ਨ ਵੱਲੋਂ ਟੋਰਾਂਟੋ ਸਬਵੇਅ ਵਿੱਚ ਵਾਇਰਲੈੱਸ ਨੈੱਟਵਰਕ ਚਲਾਉਣ ਵਾਲੀ ਕੰਪਨੀ ਬੀਏਆਈ ਨੂੰ ਖਰੀਦਣ ਦਾ ਐਲਾਨ ਕੀਤਾ ਗਿਆ ਹੈ। ਸੋਮਵਾਰ ਨੂੰ ਇਹ ਐਲਾਨ ਕਰਦਿਆਂ ਕੰਪਨੀ ਨੇ ਆਖਿਆ ਕਿ ਇਸ ਨਾਲ ਉਹ ਸਮੁੱਚੇ ਸਿਸਟਮ ਨੂੰ 5 ਜੀ ਕਰ ਦੇਵੇਗੀ।

ਟੈਲੀਕੌਮ ਕੰਪਨੀ ਨੇ ਇੱਕ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਉਨ੍ਹਾਂ ਵੱਲੋਂ ਬੀਏਆਈ ਕਮਿਊਨਿਕੇਸ਼ਨਜ਼ ਕੈਨੇਡੀਅਨ ਆਪਰੇਸ਼ਨਜ਼ ਨੂੰ ਖਰੀਦਣ ਲਈ ਸਮਝੌਤੇ ਉੱਤੇ ਸਹੀ ਪਾਈ ਗਈ ਹੈ।



2012 ਵਿੱਚ ਬੀਏਆਈ ਨੂੰ ਟੀਟੀਸੀ ਵੱਲੋਂ 25 ਮਿਲੀਅਨ ਡਾਲਰ ਦਾ ਕਾਂਟਰੈਕਟ ਦੇ ਕੇ ਆਪਣੇ ਪਬਲਿਕ ਵਾਇ-ਫਾਇ ਤੇ ਸੈਲੂਲਰ ਨੈੱਟਵਰਕ ਨੂੰ ਆਪਰੇਟ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਇੱਥੇ ਦੱਸਣਾ ਬਣਦਾ ਹੈ ਕਿ ਫਰੀਡਮ ਮੋਬਾਈਲ ਹੀ ਅਜਿਹੀ ਟੈਲੀਕੌਮ ਕੰਪਨੀ ਹੈ ਜਿਸਨੇ ਬੀਏਆਈ ਦੇ ਨੈੱਟਵਰਕ ਰਾਹੀਂ ਆਪਣੇ ਗਾਹਕਾਂ ਨੂੰ ਕਵਰੇਜ ਮੁਹੱਈਆ ਕਰਵਾਉਣ ਲਈ ਸਮਝੌਤਾ ਕੀਤਾ ਗਿਆ ਹੈ। ਇਸ ਤੋਂ ਭਾਵ ਇਹ ਹੈ ਕਿ ਸਬਵੇਅ ਲਾਈਨ ਦੇ ਨਾਲ ਬਹੁਤੇ ਮੋਬਾਈਲ ਕਸਟਮਰਜ਼ ਕੋਲ ਮਾਮੂਲੀ ਜਾਂ ਕੋਈ ਸਰਵਿਸ ਨਹੀਂ ਹੁੰਦੀ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਟੀਟੀਸੀ ਵਿੱਚ ਹਿੰਸਕ ਘਟਨਾਵਾਂ ਵਿੱਚ ਹੋਏ ਵਾਧੇ ਕਾਰਨ ਕੀਤੇ ਗਏ ਤਾਜ਼ਾ ਮੁਲਾਂਕਣ ਕਾਰਨ ਵੱਡਾ ਪਾੜਾ ਸਾਹਮਣੇ ਆਇਆ। ਕਈਆਂ ਵੱਲੋਂ ਫੈਡਰਲ ਟੈਲੀਕਮਿਊਨਿਕੇਸ਼ਨਜ਼ ਰੈਗੂਲੇਟਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਰੌਜਰਜ਼, ਬੈੱਲ ਤੇ ਟੈਲਸ ਵਰਗੀਆਂ ਵੱਡੀਆਂ ਕੰਪਨੀਆਂ ਨੂੰ ਬੀਏਆਈ ਦੇ ਨੈੱਟਵਰਕ ਦੀ ਵਰਤੋਂ ਕਰਨ ਲਈ ਆਖਿਆ ਜਾਵੇ।ਰੌਜਰਜ਼ ਨੇ ਆਖਿਆ ਕਿ ਬੀਏਆਈ ਨੂੰ ਖਰੀਦਣ ਤੋਂ ਬਾਅਦ ਉਹ ਹੁਣ ਸਮੁੱਚੇ ਟੀਟੀਸੀ ਸਬਵੇਅ ਸਿਸਟਮ ਲਈ 5 ਜੀ ਨੈੱਟਵਰਕ ਤਿਆਰ ਕਰਨ ਵਿੱਚ ਨਿਵੇਸ਼ ਕਰੇਗੀ। ਕੰਪਨੀ ਨੇ ਆਖਿਆ ਕਿ ਇਸ ਨਿਵੇਸ਼ ਨਾਲ 911 ਕਵਰੇਜ ਸਾਰੇ ਸਿਸਟਮ ਨੂੰ ਮਿਲ ਸਕੇਗੀ ਜਦਕਿ ਹੁਣ ਇਹ ਸਿਰਫ ਉਨ੍ਹਾਂ ਮੋਬਾਈਲ ਯੂਜ਼ਰਜ਼ ਨੂੰ ਉਪਲਬਧ ਹੈ ਜਿੱਥੇ ਬੀਏਆਈ ਨੈੱਟਵਰਕ ਹੋਂਦ ਵਿੱਚ ਹੈ।






# ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਵਿੱਚ ਨਹੀਂ ਕੀਤਾ ਗਿਆ ਵਾਧਾ



ਓਟਵਾ, 13 ਅਪਰੈਲ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਇੱਕ ਵਾਰੀ ਫਿਰ 4.5 ਫੀ ਸਦੀ ਉੱਤੇ ਆਪਣੀਆਂ ਵਿਆਜ਼ ਦਰਾਂ ਸਥਿਰ ਰੱਖੀਆਂ ਜਾ ਰਹੀਆਂ ਹਨ। ਪਰ ਨੇੜ ਭਵਿੱਖ ਵਿੱਚ ਇਨ੍ਹਾਂ ਦਰਾਂ ਵਿੱਚ ਵਾਧਾ ਹੋਣ ਤੋਂ ਬੈਂਕ ਵੱਲੋਂ ਇਨਕਾਰ ਨਹੀਂ ਕੀਤਾ ਗਿਆ ਹੈ।

ਬੁੱਧਵਾਰ ਨੂੰ ਸੈਂਟਰਲ ਬੈਂਕ ਨੇ ਆਖਿਆ ਕਿ ਤਾਜ਼ਾ ਆਰਥਿਕ ਡਾਟਾ ਤੋਂ ਇਹੋ ਸਾਹਮਣੇ ਆਇਆ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਮਹਿੰਗਾਈ ਵਿੱਚ ਗਿਰਾਵਟ ਦਰਜ ਕੀਤੀ ਜਾਵੇਗੀ। ਪਰ ਬੈਂਕ ਨੇ ਆਖਿਆ ਕਿ ਮਹਿੰਗਾਈ ਦਰ ਨੂੰ ਮੁੜ ਦੋ ਫੀ ਸਦੀ ਉੱਤੇ ਲੈ ਕੇ ਆਉਣਾ ਹੋਰ ਵੀ ਔਖਾ ਕੰਮ ਹੋਵੇਗਾ। ਸੈਂਟਰਲ ਬੈਂਕ ਨੇ ਆਖਿਆ ਕਿ ਉਸ ਦੀ ਗਵਰਨਿੰਗ ਕਾਊਂਸਲ ਇਹ ਪਤਾ ਲਾਉਣਾ ਜਾਰੀ ਰੱਖੇਗੀ ਕਿ ਕੀ ਵਿਆਜ਼ ਦਰਾਂ ਐਨੀਆਂ ਵੱਧ ਹਨ ਕਿ ਮਹਿੰਗਾਈ ਨੂੰ ਮੁੜ ਟੀਚੇ ਉੱਤੇ ਲਿਆਂਦਾ ਜਾ ਸਕੇ। ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਬੈਂਕ ਆਫ ਕੈਨੇਡਾ ਆਪਣੀਆਂ ਇਹੋ ਵਿਆਜ਼ ਦਰਾਂ ਬਰਕਰਾਰ ਰੱਖੇਗਾ ਕਿਉਂਕਿ ਮਹਿੰਗਾਈ ਅਰਥਭਰਪੂਰ ਢੰਗ ਨਾਲ ਘੱਟ ਰਹੀ ਹੈ। ਫਰਵਰੀ ਵਿੱਚ ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ 5.2 ਫੀ ਸਦੀ ਉੱਤੇ ਆ ਗਈ ਤੇ ਪਹਿਲਾਂ ਕੀਤੀ ਗਈ ਪੇਸ਼ੀਨਿਗੋਈ ਨਾਲੋਂ ਇਹ ਹੇਠਲੇ ਪੱਧਰ ਉੱਤੇ ਹੈ ਤੇ ਅਜਿਹਾ ਲਗਾਤਾਰ ਦੂਜੇ ਮਹੀਨੇ ਹੋ ਰਿਹਾ ਹੈ।

# ਕੈਨੇਡਾ ਵਿੱਚ ਵੱਧ ਰਹੇ ਹਨ ਇਨਫਲੂਐਂਜ਼ਾ ਬੀ ਦੇ ਮਾਮਲੇ



ਓਟਵਾ, 13 ਅਪਰੈਲ (ਪੋਸਟ ਬਿਊਰੋ) :ਪਿਛਲੇ ਕੁੱਝ ਹਫਤਿਆਂ ਵਿੱਚ ਕੈਨੇਡਾ ਭਰ ਵਿੱਚ ਇਨਫਲੂਐਂਜ਼ਾ ਦੇ ਕਈ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿੱਚੋਂ ਬਹੁਤੇ ਮਾਮਲੇ ਇਨਫਲੂਐਂਜ਼ਾਂ ਬੀ ਦੇ ਹਨ। ਇਹ ਜਾਣਕਾਰੀ ਕੈਨੇਡਾ ਫਲੂਵਾਚ ਵੱਲੋਂ ਦਿੱਤੀ ਗਈ।

ਰਿਪੋਰਟ, ਜਿਹੜੀ ਹਫਤਾਵਾਰੀ ਆਉਂਦੀ ਹੈ ਤੇ ਜਿਸ ਵਿੱਚ ਕੈਨੇਡਾ ਭਰ ਦੇ ਫਲੂ ਦੇ ਮਾਮਲਿਆਂ ਦਾ ਟਰੈਕ ਰੱਖਿਆ ਜਾਂਦਾ ਹੈ, ਵਿੱਚ ਆਖਿਆ ਗਿਆ ਹੈ ਕਿ 2023 ਦੇ 13ਵੇਂ ਹਫਤੇ ਵਿੱਚ ਇਨਫਲੂਐਂਜ਼ਾ ਦੇ ਕੁੱਲ 510 ਮਾਮਲੇ, ਜਿਨ੍ਹਾਂ ਨੂੰ ਲੈਬੋਰੇਟੀਰੀ ਵਿੱਚ ਡਿਟੈਕਟ ਕੀਤਾ ਗਿਆ, ਸਾਹਮਣੇ ਆਏ। ਸਾਲ ਦੇ ਇਸ ਅਰਸੇ ਦੌਰਾਨ ਐਨੇ ਮਾਮਲੇ ਸਧਾਰਨ ਨਹੀਂ ਹਨ। ਇਨ੍ਹਾਂ ਪੁਸ਼ਟੀ ਕੀਤੇ ਗਏ ਫਲੂ ਦੇ ਮਾਮਲਿਆਂ ਵਿੱਚੋਂ 364 ਇਨਫਲੂਐਂਜ਼ਾ ਬੀ ਦੇ ਸਨ ਤੇ ਬਾਕੀ 146 ਇਨਫਲੂਐਂਜ਼ਾ ਏ ਦੇ ਸਨ। ਇਸ ਤੋਂ ਭਾਵ ਇਹ ਹੈ ਕਿ ਇਸ ਸਮੇਂ ਇਨਫਲੂਐਂਜ਼ਾ ਬੀ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਇਨਫਲੂਐਂਜ਼ਾ ਦੇ 71 ਫੀ ਸਦੀ ਮਾਮਲਿਆਂ ਲਈ ਇਹੋ ਜ਼ਿੰਮੇਵਾਰ ਹੈ।

ਪਿਛਲੇ ਸਾਲ ਦੇ ਮੁਕਾਬਲੇ ਇਹ ਸਟਰੇਨ ਇਸ ਸਮੇਂ ਕਿਤੇ ਉੱਚ ਪੱਧਰ ਉੱਤੇ ਫੈਲ ਰਿਹਾ ਹੈ। 2022 ਦੇ ਅੰਤ ਵਿੱਚ ਫਲੂ ਸੀਜ਼ਨ ਦੌਰਾਨ ਬਹੁਤੇ ਮਾਮਲੇ ਇਨਫਲੂਐਂਜ਼ਾ ਏ ਦੇ ਸਨ ਤੇ ਇਨਫਲੂਐਂਜ਼ਾ ਬੀ ਦਾ ਮਾਮਲਾ ਵਿਰਲਾ ਹੀ ਕਿਤੇ ਸਾਹਮਣੇ ਆ ਰਿਹਾ ਸੀ। ਪਿਛਲੇ ਸਾਲ ਮਾਰਚ-ਅਪਰੈਲ ਦੌਰਾਨ ਇਨਫਲੂਐਂਜ਼ਾ ਬੀ ਦੇ ਸਿਰਫ ਚਾਰ ਮਾਮਲੇ ਹੀ ਸਾਹਮਣੇ ਆਏ ਸਨ ਜਦਕਿ ਇਨਫਲੂਐਂਜ਼ਾ ਏ ਦੇ 1283 ਮਾਮਲੇ ਰਿਕਾਰਡ ਕੀਤੇ ਗਏ ਸਨ। 13ਵੇਂ ਹਫਤੇ ਵਿੱਚ ਇਨਫਲੂਐਂਜ਼ਾ ਕਾਰਨ 15 ਬੱਚਿਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਤੇ ਇਨ੍ਹਾਂ ਵਿੱਚੋਂ 14 ਇਨਫਲੂਐਂਜ਼ਾ ਬੀ ਦੇ ਮਾਮਲੇ ਸਨ।

# ਵਾਅਨ ਵਿੱਚ ਹੋਈ ਸ਼ੂਟਿੰਗ ਵਿੱਚ 2 ਜ਼ਖ਼ਮੀ



ਵਾਅਨ, 13 ਅਪਰੈਲ (ਪੋਸਟ ਬਿਊਰੋ) : ਵਾਅਨ ਵਿੱਚ ਰਾਤ ਸਮੇਂ ਹੋਈ ਸ਼ੂਟਿੰਗ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਇਹ ਸ਼ੂਟਿੰਗ ਮੰਗਲਵਾਰ ਤੇ ਬੁੱਧਵਾਰ ਦੀ ਦਰਮਿਆਨੀ ਰਾਤ 1:00 ਵਜੇ ਦੇ ਨੇੜੇ ਤੇੜੇ ਸਟੀਲਜ਼ ਐਵਨਿਊ ਦੇ ਉੱਤਰ ਵੱਲ ਇਸਲਿੰਗਟਨ ਐਵਨਿਊ ਦੇ ਪਾਰਕਿੰਗ ਲੌਟ ਵਿੱਚ ਹੋਈ। ਯੌਰਕ ਰੀਜਨਲ ਪੁਲਿਸ ਦੇ ਅਧਿਕਾਰੀਆਂ ਨੂੰ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮੌਕੇ ਉੱਤੇ ਮਿਲੇ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

ਅਜੇ ਤੱਕ ਕਿਸੇ ਵੀ ਮਸ਼ਕੂਕ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਇਲਾਕੇ ਵਿੱਚ ਜੇ ਕਿਸੇ ਕੋਲ ਇਸ ਘਟਨਾ ਦੇ ਸਬੰਧ ਵਿੱਚ ਕੋਈ ਜਾਣਕਾਰੀ ਹੈ ਜਾਂ ਡੈਸ਼ਕੈਮ ਵੀਡੀਓ ਹੈ ਤਾਂ ਉਸ ਨੂੰ ਪੁਲਿਸ ਵੱਲੋਂ ਸੰਪਰਕ ਕਰਨ ਲਈ ਆਖਿਆ ਜਾ ਰਿਹਾ ਹੈ।

# ਵਾਅਨ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ ਉਸਾਰੀ ਅਧੀਨ 20 ਘਰ ਹੋਏ ਤਬਾਹ



ਵਾਅਨ, 13 ਅਪਰੈਲ (ਪੋਸਟ ਬਿਊਰੋ) : ਵਾਅਨ ਵਿੱਚ ਇੱਕ ਰਿਹਾਇਸ਼ੀ ਸਬਡਵੀਜ਼ਨ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ 35 ਦੇ ਨੇੜੇ ਤੇੜੇ ਘਰ ਜਾਂ ਤਾਂ ਪੂਰੀ ਤਰ੍ਹਾਂ ਤਬਾਹ ਹੋ ਗਏ ਤੇ ਜਾਂ ਫਿਰ ਕੁੱਝ ਹੱਦ ਤੱਕ ਉਨ੍ਹਾਂ ਨੂੰ ਨੁਕਸਾਨ ਪਹੁੰਚਿਆ।

ਬੁੱਧਵਾਰ ਨੂੰ ਦੁਪਹਿਰ ਦੇ 1:00 ਵਜੇ ਤੋਂ ਬਾਅਦ ਟੈਸਟਨ ਰੋਡ ਤੇ ਪਾਈਨ ਵੈਲੀ ਡਰਾਈਵ ਦੇ ਨੇੜੇ ਹੈਦਕੋਟ ਰੋਡ ਤੇ ਕਿਨ-ਬਰਨ ਕ੍ਰੀਸੈਂਟ ਉੱਤੇ ਵਾਪਰੀ ਇਸ ਘਟਨਾ ਤੋਂ ਬਾਅਦ ਫਾਇਰਫਾਈਟਰਜ਼ ਤੇ ਹੋਰ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਸਿਟੀ ਆਫ ਵਾਅਨ ਦੇ ਅਧਿਕਾਰੀਆਂ ਨੇ ਇੱਕ ਬਿਆਨ ਵਿੱਚ ਆਖਿਆ ਕਿ ਫਾਇਰਫਾਈਟਰਜ਼ ਨੂੰ ਆਉਂਦਿਆਂ ਸਾਰ ਹੀ ਵੱਡੀ ਪੱਧਰ ਉੱਤੇ ਲੱਗੀ ਇਸ ਅੱਗ ਉੱਤੇ ਕਾਬੂ ਪਾਉਣ ਲਈ ਕਾਰਵਾਈ ਸ਼ੁਰੂ ਕਰਨੀ ਪਈ। ਹਵਾ ਤੇਜ਼ ਹੋਣ ਕਾਰਨ ਅੱਗ ਇੱਕ ਘਰ ਤੋਂ ਦੂਜੇ ਘਰ ਤੱਕ ਫੈਲਦੀ ਗਈ ਤੇ ਜਲਦੀ ਹੀ ਕਈ ਘਰ ਅੱਗ ਦੀ ਚਪੇਟ ਵਿੱਚ ਆ ਗਏ। ਇਸ ਕਾਰਨ ਕਈ ਘਰ ਤਾਂ ਪੂਰੀ ਤਰ੍ਹਾਂ ਹੀ ਤਬਾਹ ਹੋ ਗਏ।

ਪ੍ਰਾਪਤ ਜਾਣਕਾਰੀ ਅਨੁਸਾਰ ਛੇ ਨਵੀਆਂ ਸਟਰੀਟਸ ਉੱਤੇ ਇਨ੍ਹਾਂ ਘਰਾਂ ਦਾ ਨਿਰਮਾਣ ਕੀਤਾ ਗਿਆ ਸੀ। ਤਿੰਨ ਸਟਰੀਟਸ ਉੱਤੇ ਘੱਟੋ ਘੱਟ ਦੋ ਦਰਜਨ ਦੇ ਨੇੜੇ ਤੇੜੇ ਘਰ ਬਿਲਕੁਲ ਮਲੀਆਮੇਟ ਹੋ ਗਏ। ਇਸ ਹਾਦਸੇ ਦਰਾਨ ਮਾਮੂਲੀ ਜ਼ਖ਼ਮੀ ਹੋਣ ਤੋਂ ਬਿਨਾਂ ਕਿਸੇ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ। ਅਹਿਤਿਆਤ ਵਜੋਂ ਇੱਕ ਫਾਇਰਫਾਈਟਰ ਨੂੰ ਹਸਪਤਾਲ ਲਿਜਾਇਆ ਗਿਆ। ਇੱਥੋਂ ਨੇੜਲੇ ਕਈ ਘਰਾਂ ਨੂੰ ਖਾਲੀ ਵੀ ਕਰਵਾ ਲਿਆ ਗਿਆ।

ਓਨਟਾਰੀਓ ਫਾਇਰ ਮਾਰਸ਼ਲ ਨੂੰ ਮਾਮਲੇ ਦੀ ਜਾਂਚ ਲਈ ਤੇ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਸੱਦਿਆ ਗਿਆ। ਅਪੁਸ਼ਟ ਖਬਰਾਂ ਅਨੁਸਾਰ ਕਾਂਟਰੈਕਟਰ ਦੀ ਟੌਰਚ ਕਾਰਨ ਇਹ ਅੱਗ ਭੜਕੀ ਤੇ ਇਸ ਕਾਰਨ ਹੀ ਐਨੀ ਤਬਾਹੀ ਮਚੀ। ਹਾਈਵੇਅ 400 ਤੇ ਬਟਨਵਿੱਲ ਤੱਕ ਧੂੰਏ ਦੇ ਬੱਦਲ ਵੇਖੇ ਗਏ।

# ਅਮਰੀਕੀ ਅਧਿਕਾਰੀਆਂ ਨਾਲ ਰਲ ਕੇ ਕੀਤੀ ਜਾਂਚ ਵਿੱਚ ਟੋਰਾਂਟੋ ਪੁਲਿਸ ਵਲੋਂ 42 ਵਿਅਕਤੀ ਗ੍ਰਿਫਤਾਰ

### * ਹਥਿਆਰ ਤੇ ਨਸ਼ੀਲੇ ਪਦਾਰਥ ਬਰਾਮਦ



ਟੋਰਾਂਟੋ, 13 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਹਥਿਆਰਾਂ ਦੇ ਸਬੰਧ ਵਿੱਚ ਕੀਤੀ ਗਈ ਜਾਂਚ ਦੇ ਨਤੀਜੇ ਨਸ਼ਰ ਕੀਤੇ ਗਏ ਹਨ। ਇਹ ਜਾਂਚ ਅਮਰੀਕੀ ਅਧਿਕਾਰੀਆਂ ਨਾਲ ਰਲ ਕੇ ਕੀਤੀ ਗਈ ਤੇ ਇਸ ਦੌਰਾਨ 42 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਹਥਿਆਰਾਂ ਨਾਲ ਸਬੰਧਤ 400 ਤੋਂ ਵੱਧ ਚਾਰਜਿਜ਼ ਲਾਏ ਗਏ।

ਟੋਰਾਂਟੋ ਪੁਲਿਸ ਵੱਲੋਂ ਇਨ੍ਹਾਂ ਚਾਰਜਿਜ਼ ਦਾ ਐਲਾਨ ਮੰਗਲਵਾਰ ਨੂੰ ਕੀਤਾ ਗਿਆ। ਇਸ ਵਾਸਤੇ ਕੀਤੀ ਗਈ ਜਾਂਚ ਨੂੰ ਇੱਕ ਸਾਲ ਦਾ ਸਮਾਂ ਲੱਗਿਆ ਤੇ ਜਾਂਚ ਨੂੰ ਪ੍ਰੋਜੈਕਟ ਮਨੀਪੈਨੀ ਦਾ ਨਾਂ ਦਿੱਤਾ ਗਿਆ। ਕੈਨੇਡਾ ਤੇ ਅਮਰੀਕਾ ਤੋਂ ਗੈਰਕਾਨੂੰਨੀ ਨਸ਼ੀਲੇ ਪਦਾਰਥ, ਨਕਦੀ ਤੇ 173 ਹਥਿਆਰ ਬਰਾਮਦ ਕੀਤੇ ਗਏ। ਕੈਨੇਡੀਅਨ ਅਧਿਕਾਰੀਆਂ ਨੇ ਆਖਿਆ ਕਿ ਪ੍ਰੋਜੈਕਟ ਮਨੀਪੈਨੀ ਤੇ ਪ੍ਰੋਜੈਕਟ ਜ਼ੋਰੋ, ਯੌਰਕ ਰੀਜਨ ਵਿੱਚ ਹਥਿਆਰਾਂ ਲਈ ਚਲਾਈਆਂ ਗਈਆਂ ਪਹਿਲਕਦਮੀਆਂ, ਤਹਿਤ ਬਰਾਮਦ ਕੀਤੇ ਗਏ ਬਹੁਤੇ ਹਥਿਆਰ ਅਮਰੀਕਾ ਤੋਂ ਆਏ ਸਨ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਪ੍ਰੋਜੈਕਟਾਂ ਤਹਿਤ ਅੰਡਰਕਵਰ ਅਧਿਕਾਰੀਆਂ ਨੇ ਵੱਡੀ ਮਾਤਰਾ ਵਿੱਚ ਫੈਂਟਾਲਿਨ, ਕੋਕੀਨ ਤੇ 25 ਹਥਿਆਰ ਉਨ੍ਹਾਂ ਵਿਅਕਤੀਆਂ ਤੋਂ ਖਰੀਦੇ ਜਿਨ੍ਹਾਂ ਦੀ ਇਸ ਦੌਰਾਨ ਸ਼ਨਾਖਤ ਕੀਤੀ ਗਈ ਸੀ। ਅਮਰੀਕੀ ਅਧਿਕਾਰੀਆਂ ਨਾਲ ਕੰਮ ਕਰਨ ਦੇ ਨਾਲ ਨਾਲ ਟੋਰਾਂਟੋ ਦੇ ਅਧਿਕਾਰੀਆਂ ਨੇ ਦਰਹਾਮ, ਯੌਰਕ, ਓਪੀਪੀ ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਧਿਕਾਰੀਆਂ ਨਾਲ ਰਲ ਕੇ ਵੀ ਕੰਮ ਕੀਤਾ। ਇਹ ਵੀ ਦੱਸਿਆ ਗਿਆ ਕਿ ਕਈ ਵਿਅਕਤੀ ਟੋਰਾਂਟੋ ਤੇ ਜੀਟੀਏ ਵਿੱਚ ਗ਼ੈਰਕਾਨੂੰਨੀ ਹਥਿਆਰਾਂ ਨੂੰ ਵੇਚਣ ਦਾ ਕੰਮ ਕਰ ਰਹੇ ਹਨ। ਇੱਥੇ ਹੀ ਇਨ੍ਹਾਂ ਵਿਅਕਤੀਆਂ ਵੱਲੋਂ ਅੰਡਰਕਵਰ ਅਧਿਕਾਰੀਆਂ ਨੂੰ ਗੈਰਕਾਨੂੰਨੀ ਹਥਿਆਰ ਵੀ ਵੇਚੇ ਗਏ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਹਥਿਆਰ ਅਮਰੀਕਾ ਤੋਂ ਕੈਨੇਡਾ ਸਮਗਲ ਕੀਤੇ ਗਏ ਤੇ ਫਿਰ ਇਨ੍ਹਾਂ ਨੂੰ ਇੱਥੇ ਕੈਨੇਡਾ ਵਿੱਚ ਗੈਰਕਾਨੂੰਨੀ ਤੌਰ ਉੱਤੇ ਵੇਚਿਆ ਗਿਆ। ਐਰੀਜ਼ੋਨਾ ਦੇ ਇੱਕ ਵਸਨੀਕ ਵੱਲੋਂ ਗੱਡੀ ਵਿੱਚ ਸ਼ਿਕਾਗੋ ਤੋਂ 87 ਹੈਂਡਗੰਨਜ਼ ਕੈਨੇਡਾ ਲਿਆਂਦੀਆਂ ਗਈਆਂ। ਗੈਰਕਾਨੂੰਨੀ ਹਥਿਆਰ ਐਰੀਜ਼ੋਨਾ, ਫਲੋਰਿਡਾ, ਨੌਰਥ ਕੈਰੋਲਈਨਾ, ਜਾਰਜੀਆ, ਓਹਾਇਓ ਤੇ ਟੈਕਸਸ ਵਿੱਚ ਤਿਆਰ ਕੀਤੇ ਗਏ ਸਨ। ਟੋਰਾਂਟੋ ਪੁਲਿਸ ਦੇ ਡਿਪਟੀ ਚੀਫ ਰੌਬ ਜੌਹਨਸਨ ਨੇ ਕੈਨੇਡਾ ਤੇ ਅਮਰੀਕਾ ਦੀਆਂ ਲਾਅ ਐਨਫੋਰਸਮੈਂਟ ਏਜੰਸੀਆਂ ਦਾ ਸ਼ੁਕਰੀਆ ਅਦਾ ਕੀਤਾ।

# ਓਲਡ ਨੈਸ਼ਨਲ ਬੈਂਕ ਵਿੱਚ ਦਾਖਲ ਹੋ ਕੇ ਬੈਂਕ ਕਰਮਚਾਰੀ ਨੇ ਚਲਾਈਆਂ ਗੋਲੀਆਂ, 4 ਹਲਾਕ



ਲੂਈਵਿੱਲ, 13 ਅਪਰੈਲ (ਪੋਸਟ ਬਿਊਰੋ) : ਸੋਮਵਾਰ ਸਵੇਰੇ ਆਪਣੇ ਕੰਮ ਵਾਲੀ ਥਾਂ ਉੱਤੇ ਪਹੁੰਚ ਕੇ ਇੱਕ 23 ਸਾਲਾ ਬੈਂਕ ਕਰਮਚਾਰੀ ਨੇ ਰਾਈਫਲ ਨਾਲ ਅੰਨ੍ਹੇਵਾਹ ਗੋਲੀਆਂ ਚਲਾ ਕੇ ਚਾਰ ਵਿਅਕਤੀਆਂ ਦੀ ਜਾਨ ਲੈ ਲਈ। ਇੱਥੇ ਹੀ ਬੱਸ ਨਹੀਂ ਉਸ ਨੇ ਇਸ ਸਾਰੇ ਹਮਲੇ ਨੂੰ ਲਾਈਵਸਟ੍ਰੀਮ ਵੀ ਕੀਤਾ। ਇਸ ਹਮਲੇ ਵਿੱਚ ਗਵਰਨਰ ਦਾ ਨਜ਼ਦੀਕੀ ਦੋਸਤ ਵੀ ਮਾਰਿਆ ਗਿਆ।

ਲੂਈਵਿੱਲ ਦੇ ਮੇਅਰ ਕ੍ਰੇਗ ਗ੍ਰੀਨਬਰਗ ਨੇ ਆਖਿਆ ਕਿ ਇਹ ਹਿੰਸਾ ਦਾ ਘਿਨਾਉਣਾ ਕਾਰਾ ਸੀ। ਜ਼ਿਕਰਯੋਗ ਹੈ ਕਿ ਇਸ ਸਾਲ ਦੇਸ਼ ਵਿੱਚ ਸ਼ੂਟਿੰਗ ਦੀ ਵਾਪਰੀ ਇਹ 15ਵੀਂ ਘਟਨਾ ਹੈ ਤੇ ਇਹ ਉਸ ਘਟਨਾ ਤੋਂ ਦੋ ਹਫਤੇ ਬਾਅਦ ਹੋਈ ਹੈ ਜਦੋਂ ਇੱਥੋਂ 260 ਕਿਲੋਮੀਟਰ ਦੂਰ ਦੱਖਣ ਵੱਲ ਨੈਸ਼ਵਿੱਲ, ਟੈਨੇਸੀ ਵਿੱਚ ਕ੍ਰਿਸਚੀਅਨ ਐਲੀਮੈਂਟਰੀ ਸਕੂਲ ਵਿੱਚ ਸਾਬਕਾ ਵਿਦਿਆਰਥਣ ਨੇ ਤਿੰਨ ਬੱਚਿਆਂ ਤੇ ਤਿੰਨ ਬਾਲਗਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਨਿਊਜ਼ ਕਾਨਫਰੰਸ ਵਿੱਚ ਲੂਈਵਿੱਲ ਮੈਟਰੋਪੁਲਿਸ ਡਿਪਾਰਟਮੈਂਟ ਚੀਫ ਜੈਕਲੀਨ ਗਵਿੰਨ-ਵਿੱਲਾਰੌਇਲ ਨੇ ਦੱਸਿਆ ਕਿ ਜਿੰਨੇ ਚਿਰ ਨੂੰ ਪੁਲਿਸ ਮੌਕੇ ਉੱਤੇ ਪਹੁੰਚੀ ਓਨੀ ਦੇਰ ਓਲਡ ਨੈਸ਼ਨਲ ਬੈਂਕ ਦੇ ਅੰਦਰ ਗੋਲੀਆਂ ਚੱਲ ਰਹੀਆਂ ਸਨ। ਬਾਅਦ ਵਿੱਚ ਪੁਲਿਸ ਨਾਲ ਭਿੜਦੇ ਹੋਏ ਮੁਕਾਬਲੇ ਵਿੱਚ ਗੋਲੀ ਲੱਗਣ ਕਾਰਨ ਸ਼ੂਟਰ ਦੀ ਮੌਤ ਹੋ ਗਈ। ਮਸ਼ਕੂਕ ਨੇ ਪੁਲਿਸ ਅਧਿਕਾਰੀਆਂ ਉੱਤੇ ਵੀ ਗੋਲੀ ਚਲਾਈ ਤੇ ਜਵਾਬੀ ਕਾਰਵਾਈ ਵਿੱਚ ਉਹ ਮਾਰਿਆ ਗਿਆ।

ਚੀਫ ਨੇ ਦੱਸਿਆ ਕਿ ਹਮਲਾਵਰ ਦੀ ਸ਼ਨਾਖਤ ਕੌਨਰ ਸਟਰਜਨ ਵਜੋਂ ਹੋਈ ਹੈ ਤੇ ਉਹ ਹਮਲੇ ਨੂੰ ਲਾਈਵਸਟ੍ਰੀਮ ਕਰ ਰਿਹਾ ਸੀ। ਉਨ੍ਹਾਂ ਆਖਿਆ ਕਿ ਸਾਨੂੰ ਆਸ ਹੈ ਕਿ ਅਸੀਂ ਇਸ ਫੁਟੇਜ ਨੂੰ ਹਟਾ ਦੇਵਾਂਗੇ। ਯੂਨੀਵਰਸਿਟੀ ਆਫ ਲੂਈਵਿੱਲ ਹਾਸਪਿਟਲ ਦੀ ਤਰਜ਼ਮਾਨ ਹੈਦਰ ਫਾਊਨਟੇਨ ਨੇ ਇੱਕ ਈਮੇਲ ਵਿੱਚ ਦੱਸਿਆ ਕਿ ਦੋ ਪੁਲਿਸ ਅਧਿਕਾਰੀਆਂ ਸਮੇਤ ਨੌਂ ਵਿਅਕਤੀਆਂ ਦਾ ਇਲਾਜ ਕੀਤਾ ਗਿਆ। ਪੁਲਿਸ ਚੀਫ ਨੇ ਦੱਸਿਆ ਕਿ 31 ਮਾਰਚ ਨੂੰ ਪੁਲਿਸ ਅਕੈਡਮੀ ਤੋਂ ਗ੍ਰੈਜੂਏਟ ਹੋਏ 26 ਸਾਲਾ ਪੁਲਿਸ ਅਧਿਕਾਰੀ ਦੇ ਸਿਰ ਵਿੱਚ ਗੋਲੀ ਲੱਗਣ ਕਾਰਨ ਉਸ ਦੀ ਹਾਲਤ ਨਾਜ਼ੁਕ ਹੈ ਤੇ ਉਸ ਦਾ ਆਪਰੇਸ਼ਨ ਕੀਤਾ ਜਾ ਰਿਹਾ ਹੈ। ਤਿੰਨ ਮਰੀਜ਼ਾਂ ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।






# ਭਾਰਤ ਦੀ ਰਾਜਨੀਤੀ ਤੇ ਕੂਟਨੀਤੀ ਵਿੱਚ ਨਵੇਂ ਮੋੜ ਵਾਲੇ ਸੰਕੇਤ

ਜਤਿੰਦਰ ਪਨੂੰ ਦੀ ਕਲਮ ਤੋਂ



ਮਾਰਚ ਦੀ ਅਠਾਰਾਂ ਤੋਂ ਪੰਝੀ ਤਰੀਕ ਤੱਕ ਦਾ ਸਮਾਂ ਪੰਜਾਬ ਦੀ ਰਾਜਨੀਤੀ ਲਈ ਵੀ ਭੁਚਾਲੀ ਘਟਨਾਵਾਂ ਦਾ ਸੀ ਤੇ ਭਾਰਤੀ ਰਾਜਨੀਤੀ ਵਿੱਚ ਵੀ ਨਵਾਂ ਦੌਰ ਸ਼ੁਰੂ ਹੋਣ ਦਾ ਸੰਕੇਤ ਦੇਣ ਵਾਲਾ ਬਣ ਗਿਆ। ਕੋਈ ਇਹ ਸਮਝੇ ਜਾਂ ਨਾ ਸਮਝੇ, ਇਸ ਹਫਤੇ ਭਾਰਤ ਸਰਕਾਰ, ਜਿਹੜੀ ਕਹਿਣ ਨੂੰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਤੇ ਅਸਲ ਵਿੱਚ ਇਕੱਲੇ ਆਗੂ ਨਰਿੰਦਰ ਮੋਦੀ ਦੀ ਅਗਵਾਈ ਹੇਠ ਚੱਲਣ ਵਾਲੀ ਹੈ, ਆਪਣੇ ਉਸ ਨਵੇਂ ਰੂਪ ਵਿੱਚ ਸੰਸਾਰ ਸਾਹਮਣੇ ਆਈ ਹੈ, ਜਿਸ ਦਾ ਖਿਆਲ ਤਾਂ ਕਈਆਂ ਨੂੰ ਆਉਂਦਾ ਸੀ, ਪਰ ਯਕੀਨ ਨਹੀਂ ਸੀ ਆਉਂਦਾ। ਇਸ ਹਫਤੇ ਦੌਰਾਨਇੱਕ ਪਾਸੇ ਭਾਰਤ ਦੀ ਸਭ ਤੋਂ ਪੁਰਾਣੀ ਤੇ ਸਭ ਤੋਂ ਲੰਮਾਂ ਸਮਾਂ ਰਾਜ ਕਰ ਚੁੱਕੀ ਕਾਂਗਰਸ ਪਾਰਟੀ ਦਾ ਸਿਖਰਲਾ ਰਾਜਸੀ ਆਗੂ ਰਾਜਨੀਤੀ ਦੀ ਪਿੱਚ ਤੋਂ ਕ੍ਰਿਕਟ ਦੇ ਕਿਸੇ ਖਿਡਾਰੀ ਦੇ 'ਐੱਲ ਬੀ ਡਬਲਿਊ' ਹੋਣ ਵਾਂਗ ਆਪਣੇ ਆਪ ਲਾਂਭੇ ਹੋਣ ਵਾਲੇ ਹਾਲਾਤ ਵਿੱਚ ਫਸ ਕੇ ਆਊਟ ਹੁੰਦਾ ਪਿਆ ਜਾਪਣ ਲੱਗਾ ਹੈ। ਦੂਸਰੇ ਪਾਸੇ ਇੱਕ ਨਵੇਂ ਉੱਠੇ ਗਰਮ-ਦਲੀ ਸਿੱਖ ਲੀਡਰ ਅੰਮ੍ਰਿਤਪਾਲ ਸਿੰਘ ਦੇ ਵਿਹਾਰ ਨੇ ਪੰਜਾਬ ਦੀ ਰਾਜਨੀਤੀ ਅਤੇ ਖਾਸ ਤੌਰ ਉੱਤੇ ਸਿੱਖ ਰਾਜਨੀਤੀ ਨੂੰ ਇਸ ਤਰ੍ਹਾਂ ਉਲਝਾ ਦਿੱਤਾ ਕਿ ਉਸ ਦੇ ਪੱਖ ਜਾਂ ਵਿਰੋਧ ਦਾ ਕੋਈ ਰਾਹ ਚੁਣਨਾ ਵੱਡੇ ਚਿਹਰਿਆਂ ਲਈ ਵੀ ਸੁਖਾਵਾਂ ਨਹੀਂ ਰਿਹਾ। ਤੀਸਰੇ ਪਾਸੇ ਤੱਤੀ ਸੋਚ ਵਾਲੇ ਕੁਝ ਕੁ ਲੋਕਾਂਦੀ ਵਿਦੇਸ਼ਾਂ ਵਿੱਚ ਭਾਰਤ-ਵਿਰੋਧੀ ਸਰਗਰਮੀਪਿੱਛੋਂ ਨਰਿੰਦਰ ਮੋਦੀ ਸਰਕਾਰ ਨੇ ਉਨਾਂ ਦੇਸ਼ਾਂ ਅੱਗੇ ਰੋਸ ਕਰਨ ਦੀ ਥਾਂ ਏਦਾਂ ਦਾ ਸਖਤ ਰੁਖ ਵਿਖਾਇਆ ਹੈ, ਜਿਸ ਦੀ ਉਨ੍ਹਾਂ ਨੇ ਪਹਿਲਾਂ ਕਦੀ ਕਲਪਨਾ ਨਹੀਂ ਸੀ ਕੀਤੀ।

ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿੱਚ ਅਸੀਂ ਬਹੁਤਾ ਕੁਝ ਇਸ ਲਈ ਨਹੀਂ ਕਹਿਣਾ ਚਾਹੁੰਦੇ ਕਿ ਪੁਲਸ ਨਾਕੇ ਉੱਤੋਂ ਬਚ ਜਾਣ ਪਿੱਛੋਂ ਜਿਹੜਾ ਵਿਹਾਰ ਉਸ ਨੇ ਕੀਤਾ ਹੈ, ਉਸ ਨੇ ਉਸ ਦੀ ਆਪਣੀ ਤੇ ਉਸ ਨਾਲ ਜੁੜੀ ਹੋਈ ਟੀਮ ਦੀ ਸਾਖ ਪ੍ਰਭਾਵਤ ਹੋਣ ਦੀ ਚਰਚਾ ਛੇੜ ਦਿੱਤੀ ਹੈ। ਉਸ ਦੀ ਉਠਾਣ ਦੌਰਾਨ ਬਹੁਤੀਆਂ ਨਜ਼ਰਾਂ ਸਿੱਖਾਂ ਦੀ ਸਰਬ ਉੱਚ ਗਿਣੀ ਜਾਣ ਵਾਲੀ ਹਸਤੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲ ਉੱਠਦੀਆਂ ਸਨ ਕਿ ਇਸ ਵਰਤਾਰੇ ਬਾਰੇ ਇਤਿਹਾਸ ਜਾਂ ਰਿਵਾਇਤ ਦੇ ਪੱਖੋਂ ਕੋਈ ਸੇਧ ਦੇਣ ਵਾਲਾ ਫੈਸਲਾ ਕਰਨਗੇ, ਪਰ ਜਲੰਧਰ ਦੇ ਗੁਰਦੁਆਰਾ ਮਾਡਲ ਟਾਊਨ ਵਾਲੀ ਘਟਨਾ ਤੋਂ ਅਜਨਾਲਾ ਥਾਣੇ ਵਾਲੀ ਘਟਨਾ ਤੱਕ ਬਾਰੇ ਜਥੇਦਾਰ ਸਾਹਿਬ ਮੌਕਾ ਹੀ ਟਾਲਦੇ ਰਹੇ। ਇਸ ਦੇ ਬਾਅਦ ਜੋ ਕੁਝ ਵਾਪਰਿਆ, ਉਸ ਨਾਲ ਸਿੱਖਾਂ ਵਿੱਚ ਫਿਰ ਦੁਬਿਧਾ ਫੈਲੀ, ਪਰ ਜਥੇਦਾਰ ਸਾਹਿਬ ਏਹੋ ਜਿਹੇ ਬਿਆਨ ਦੇ ਕੇ ਸਮੇਂ ਨੂੰ ਧੱਕਾ ਦੇਣ ਲੱਗੇ ਰਹੇ, ਜਿਨ੍ਹਾਂ ਦਾ ਕੋਈ ਅਰਥ ਨਹੀਂ ਸੀ। ਸਿੱਖ ਭਾਈਚਾਰੇ ਦਾ ਇੱਕ ਤੱਤੇ ਸੁਭਾਅ ਵਾਲਾ ਹਿੱਸਾ ਜਦੋਂ ਇਸ ਮੌਕੇ ਅੰਮ੍ਰਿਤਪਾਲ ਸਿੰਘ ਦੇ ਨਾਲ ਖੜੋਣ ਦੇ ਐਲਾਨ ਕਰਨ ਅਤੇ ਸੜਕਾਂ ਰੋਕਣ ਦੀਆਂ ਗੱਲਾਂ ਕਰ ਰਿਹਾ ਸੀ, ਇਸੇ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਇਸ ਵਰਤਾਰੇ ਨੂੰ ਸਿੱਖੀ ਰਿਵਾਇਤ ਦੇ ਪੱਖ ਤੋਂ ਠੀਕ ਨਹੀਂ ਸੀ ਮੰਨ ਰਿਹਾ। ਜਥੇਦਾਰ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਸਿੰਘ ਸਾਹਿਬਾਨ ਜਾਂ ਉਨ੍ਹਾਂ ਦੀਆਂ ਨਿਯੁਕਤੀਆਂ ਕਰਨ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮੌਕੇ ਵੀ ਪੂਰੀ ਤਰ੍ਹਾਂ ਉਦਾਸੀਨ ਜਿਹੇ ਹੋ ਕੇ ਖਬਰਾਂ ਪੜ੍ਹਦੇ ਅਤੇ ਵਕਤ ਵਿਚਾਰਦੇ ਬੈਠੇ ਰਹੇ। ਉਨ੍ਹਾਂ ਨੂੰ ਕੋਈ ਫੈਸਲਾ ਲੈਣਾ ਚਾਹੀਦਾ ਸੀ, ਪਰ ਉਹ ਅਜੇ ਤੱਕ ਹਰਿਆਣੇ ਦੀ ਵੱਖਰੀ ਗੁਰਦੁਆਰਾ ਕਮੇਟੀ ਵਿਰੁੱਧ ਕਾਨੂੰਨੀ ਲੜਾਈ ਹਾਰ ਜਾਣ ਦੇ ਦੁੱਖ ਵਿੱਚੋਂ ਹੀ ਨਹੀਂ ਸਨ ਨਿਕਲ ਸਕੇ ਤੇ ਹਾਲਾਤ ਦੇ ਉਸ ਵਗਦੇ ਵਹਿਣ ਵੱਲ ਅੱਖ ਨਹੀਂ ਸਨ ਚੁੱਕ ਸਕੇ, ਜਿਸ ਵਿੱਚ ਕਮਾਂਡ ਫਿਰ ਕੇਂਦਰੀ ਏਜੰਸੀਆਂ ਅਤੇ ਉਨ੍ਹਾਂ ਪਿੱਛੇ ਬੈਠੀ ਕੇਂਦਰ ਸਰਕਾਰ ਦੇ ਹੱਥ ਆਉਂਦੀ ਗਈ ਸੀ।ਨਵੀਂ ਸਥਿਤੀ ਵਿੱਚ ਪੰਜਾਬ ਸਰਕਾਰ ਤੇ ਇਸ ਦੀ ਪੁਲਸ ਕੋਲ ਬਹੁਤਾ ਕੁਝ ਕਰਨ ਲਈ ਨਹੀਂ ਸੀ ਬਚਿਆ, ਅੰਮ੍ਰਿਤਪਾਲ ਸਿੰਘ ਦੇ ਮੁੱਦੇ ਨਾਲ ਕੇਂਦਰੀ ਏਜੰਸੀਆਂ ਨੂੰ ਹਰ ਕਿਸੇ ਗੱਲ ਬਾਰੇ ਪੰਜਾਬ ਵਿੱਚ ਆਪਣੀ ਮਰਜ਼ੀ ਮੁਤਾਬਕ ਚੱਲਣ ਦਾ ਰਾਹ ਮਿਲਦਾ ਗਿਆ ਸੀ।

ਇਸ ਦੌਰਾਨ ਵਿਦੇਸ਼ਾਂ ਵਿੱਚ ਕੀਤੇ ਗਏ ਰੋਸ ਪ੍ਰਦਰਸ਼ਨਾਂ ਵਿੱਚੋਂ ਕੁਝ ਥਾਂਈਂ ਹੱਦਾਂ ਟੱਪਣ ਦੀਆਂ ਖਬਰਾਂ ਵੀ ਮਿਲਣ ਲੱਗ ਪਈਆਂ। ਖਾਸ ਕਰ ਕੇ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਅਤੇ ਸਾਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਵਾਲੇ ਹਾਲਾਤ ਤੋਂ ਭਾਰਤ ਸਰਕਾਰ ਓਥੋਂ ਦੀਆਂ ਸਰਕਾਰਾਂ ਨਾਲ ਪਹਿਲੀ ਵਾਰੀ ਕੌੜ ਨਾਲ ਗੱਲ ਕਰਨ ਲੱਗੀ। ਬ੍ਰਿਟੇਨ ਸਰਕਾਰ ਨੇ ਪਹਿਲੇ ਦਿਨ ਭਾਰਤ ਸਰਕਾਰ ਵੱਲੋਂ ਕੀਤੇ ਗਏ ਰੋਸ ਨੂੰ ਬਹੁਤਾ ਗੰਭੀਰਤਾ ਨਾਲ ਨਹੀਂ ਸੀ ਲਿਆ ਜਾਪਦਾ, ਪਰ ਉਸ ਪਿੱਛੋਂ ਜਦ ਭਾਰਤ ਸਰਕਾਰ ਨੇ ਦਿੱਲੀ ਵਿੱਚ ਬ੍ਰਿਟੇਨ ਦੇ ਹਾਈ ਕਮਿਸ਼ਨ ਤੇ ਹਾਈ ਕਮਿਸ਼ਨਰ ਦੀ ਰਿਹਾਇਸ਼ ਮੂਹਰੇ ਲੱਗੀ ਹੋਈ ਸੁਰੱਖਿਆ ਹਟਾਉਣ ਜਾਂ ਘਟਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਤਾਂ ਇਸ ਦਾ ਅਸਰ ਦਿੱਸਣ ਲੱਗ ਪਿਆ। ਲੰਡਨ ਵਿੱਚ ਅਗਲੇਰੇ ਦਿਨ ਹੋਏ ਮੁਜ਼ਾਹਰੇ ਵਿਰੁੱਧ ਓਥੋਂ ਦੀ ਪੁਲਸ ਪੂਰੀ ਸਖਤੀ ਨਾਲ ਪੇਸ਼ ਆਈ ਅਤੇ ਪਹਿਲੇ ਪ੍ਰਦਰਸ਼ਨ ਦੇ ਵਕਤ ਹਾਈ ਕਮਿਸ਼ਨ ਦੀ ਬਿਲਡਿੰਗ ਤੋਂ ਭਾਰਤੀ ਝੰਡਾ ਲਾਹੁਣ ਵਾਲੇ ਬੰਦੇ ਵਿਰੁੱਧ ਵੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਏਸੇ ਤਰ੍ਹਾਂ ਦੀ ਸਖਤੀ ਨਾਲ ਭਾਰਤ ਨੇ ਅਮਰੀਕਾ ਨੂੰ ਵੀ ਇਸ ਮਾਮਲੇ ਵਿੱਚ ਆਪਣਾ ਸੰਦੇਸ਼ ਭੇਜਿਆ ਤਾਂ ਇਸ ਕਾਰਨ ਸੰਸਾਰ ਭਰ ਵਿੱਚ ਸਿਰਫ ਇਨ੍ਹਾਂ ਘਟਨਾਵਾਂ ਦਾ ਰੋਸ ਹੀ ਨਹੀਂ, ਭਾਰਤ ਸਰਕਾਰ ਦੀ ਨਵੀਂ ਪਹੁੰਚ ਦਾ ਸੰਦੇਸ਼ ਵੀ ਪਹੁੰਚ ਗਿਆ।

ਦੂਸਰਾ ਮਸਲਾ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਵਿਰੁੱਧ ਅਦਾਲਤ ਦੇ ਸਖਤ ਹੁਕਮ ਦਾ ਅਤੇ ਉਸ ਹੁਕਮ ਪਿੱਛੋਂ ਝਟਾਪਟ ਉਸ ਦੀ ਪਾਰਲੀਮੈਂਟ ਮੈਂਬਰੀ ਰੱਦ ਕਰਨ ਦੀ ਕਾਰਵਾਈ ਕੀਤੇ ਜਾਣ ਦਾ ਸੀ। ਰਿਵਾਇਤ ਪੱਖੋਂ ਇਹ ਸਮਝਣ ਦੀ ਭੁੱਲ ਕਈ ਵੱਡੇ ਆਗੂ ਕਰ ਗਏ ਕਿ ਨਰਿੰਦਰ ਮੋਦੀ ਸਰਕਾਰ ਹੋਰ ਜੋ ਵੀ ਕਰੀ ਜਾਵੇ, ਰਾਹੁਲ ਗਾਂਧੀ ਵਿਰੁੱਧ ਪਾਰਲੀਮੈਂਟ ਦੀ ਮੈਂਬਰੀ ਖਤਮ ਕਰਨ ਵਰਗੇ ਕਦਮ ਦੀ ਕਾਹਲੀ ਨਹੀਂ ਕਰੇਗੀ। ਉਨ੍ਹਾਂ ਨੇ ਇਹ ਨਹੀਂ ਵੇਖਿਆ ਕਿ ਜਦੋਂ ਕਾਨੂੰਨ ਇਸ ਤਰ੍ਹਾਂ ਕਰਨ ਤੋਂ ਨਹੀਂ ਰੋਕਦਾ ਤਾਂ ਨਰਿੰਦਰ ਮੋਦੀ ਸਰਕਾਰ ਫਸੇ ਹੋਏ ਸ਼ਰੀਕ ਰਾਹੁਲ ਗਾਂਧੀ ਦਾ ਲਿਹਾਜ਼ ਕਿਉਂ ਕਰੇਗੀ! ਅਸਲ ਵਿੱਚ ਇਸ ਕਾਰਵਾਈ ਦਾ ਕਾਨੂੰਨੀ ਰਾਹ ਵੀ ਰਾਹੁਲ ਗਾਂਧੀ ਦੀ ਕੱਚ-ਘਰੜ ਹਰਕਤ ਤੋਂ ਨਿਕਲਿਆ ਸੀ। ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਵੇਲੇਪਾਸ ਕੀਤਾ ਇੱਕ ਬਿੱਲ ਭਰੀ ਪ੍ਰੈੱਸ ਕਾਨਫਰੰਸ ਦੇ ਦੌਰਾਨਕਾਂਗਰਸ ਦੇ ਇੱਕ ਕੇਂਦਰੀ ਆਗੂਤੋਂ ਖੋਹ ਕੇ ਰਾਹੁਲ ਗਾਂਧੀ ਨੇ ਜਦੋਂ ਪਾੜਿਆ ਸੀ ਤਾਂ ਉਸ ਨੂੰ ਇਹ ਨਹੀਂ ਸੀ ਪਤਾ ਕਿ ਏਦਾਂ ਕਰਨ ਦਾ ਖਮਿਆਜ਼ਾ ਕਿਸੇ ਦਿਨ ਖੁਦ ਉਸ ਨੂੰ ਕਾਨੂੰਨੀ ਰੂਪ ਵਿੱਚ ਭੁਗਤਣਾ ਪਵੇਗਾ। ਸਤੰਬਰ 2013 ਵਿੱਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਾਂਝੀ ਸਰਕਾਰ ਨੇ ਜਿਹੜਾ ਆਰਡੀਨੈਂਸ ਲਿਆਂਦਾ ਤੇ ਜਿਹੜਾ ਉਸ ਦਿਨ ਰਾਹੁਲ ਗਾਂਧੀ ਨੇ ਪਾੜਿਆ ਸੀ, ਉਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਜਿਸ ਵੀ ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਨੂੰ ਦੋ ਸਾਲ ਜਾਂ ਇਸ ਤੋਂ ਵੱਧ ਸਜ਼ਾ ਹੋ ਜਾਵੇ, ਉਸ ਦੀ ਮੈਂਬਰੀ ਖੜੇ ਪੈਰ ਖਤਮ ਹੋ ਜਾਣੀ ਚਾਹੀਦੀ ਹੈ। ਮਨਮੋਹਨ ਸਿੰਘ ਸਰਕਾਰ ਨੇ ਇਸ ਫੈਸਲੇ ਦਾ ਅਸਰ ਰੋਕਣ ਲਈ ਆਰਡੀਨੈਂਸ ਲਿਆਂਦਾ ਸੀ। ਜੇ ਉਸ ਦਿਨ ਰਾਹੁਲ ਗਾਂਧੀ ਨੇ ਉਹ ਕਾਗਜ਼ ਪਾੜਿਆ ਨਾ ਹੁੰਦਾ ਤਾਂ ਖੜੇ ਪੈਰ ਪਾਰਲੀਮੈਂਟ ਮੈਂਬਰੀ ਖਤਮ ਕਰਨ ਦਾ ਕੁਹਾੜਾ ਖੁਦ ਉਸ ਦੇ ਖਿਲਾਫ ਚਲਾਉਣ ਲਈ ਨਰਿੰਦਰ ਮੋਦੀ ਸਰਕਾਰ ਕੁਝ ਨਹੀਂ ਸੀ ਕਰ ਸਕਦੀ। ਇਹ ਕਹਿਣਾ ਵੀ ਔਖਾ ਹੈ ਕਿ ਓਦੋਂ ਰਾਹੁਲ ਗਾਂਧੀ ਨੇ ਇਹ ਕਦਮ ਸੋਚ ਕੇ ਚੁੱਕਿਆ ਹੋਵੇਗਾ, ਖੁਦ ਕੁਝ ਸੋਚਣ ਜੋਗਾ ਤਾਂ ਉਹ ਅੱਜ ਤੱਕ ਨਹੀਂ ਹੋ ਸਕਿਆ, ਉਸ ਨਾਲ ਜੁੜੀ ਹੋਈ ਟੀਮ ਜਿਹੜੀ ਗੱਲ ਕਹਿਣ ਦਾ ਇਸ਼ਾਰਾ ਕਰ ਦੇਂਦੀ ਹੈ, ਉਹ ਰਾਹੁਲ ਗਾਂਧੀ ਕਹਿਣ ਲੱਗ ਪੈਂਦਾ ਹੈ। ਓਦੋਂ ਵੀ ਇਹ ਸਾਰਾ ਡਰਾਮਾ ਉਸ ਟੀਮ ਨੇ ਉਸ ਕੋਲੋਂ ਕਰਵਾਇਆ ਸੀ, ਤਾਂ ਕਿ ਰਾਹੁਲ ਗਾਂਧੀ ਨੂੰ ਅਪਰਾਧੀਕਰਨ ਦੀ ਰਾਜਨੀਤੀ ਦਾ ਵਿਰੋਧੀਦੱਸਿਆ ਜਾ ਸਕੇ।

ਆਪਣੇ ਬਾਪ ਰਾਜੀਵ ਗਾਂਧੀ ਦੇ ਵਕਤ ਵਾਲੇ ਵੇਲਾ ਵਿਹਾਅ ਚੁੱਕੇ ਜਿਹੜੇ ਚਾਪਲੂਸਾਂ ਦੀ ਟੀਮ ਰਾਹੁਲ ਗਾਂਧੀ ਹਾਲੇ ਵੀ ਆਪਣੇ ਨਾਲ ਜੋੜੀ ਫਿਰਦਾ ਹੈ, ਉਹ ਨਵੇਂ ਹਾਲਾਤ ਵਿੱਚ ਨਵੀਂ ਗੱਲ ਫੌਰੀ ਤੌਰ ਉੱਤੇ ਸੋਚਣ ਜੋਗੇ ਹੀ ਨਹੀਂ। ਰਾਹੁਲ ਗਾਂਧੀ ਦੇ ਖਿਲਾਫ ਜਦੋਂ ਗੁਜਰਾਤ ਦੇ ਸੂਰਤ ਸ਼ਹਿਰ ਦੀ ਅਦਾਲਤ ਨੇ ਦੋ ਸਾਲ ਦੀ ਸਜ਼ਾ ਦਾ ਫੈਸਲਾ ਸੁਣਾਇਆ, ਕਾਂਗਰਸ ਦੀ ਕਾਨੂੰਨੀ ਟੀਮ ਨੂੰ ਓਦੋਂ ਪਹਿਲਾਂ ਹੀ ਇਹ ਗੱਲ ਸੋਚਣੀ ਬਣਦੀ ਸੀ ਕਿ ਇਸ ਫੈਸਲੇ ਦਾ ਉਸ ਦੀ ਪਾਰਲੀਮੈਂਟ ਮੈਂਬਰੀ ਉੱਤੇ ਕੀ ਅਸਰ ਪੈ ਸਕਦਾ ਹੈ! ਪਹਿਲਾਂ ਸੋਚਣੀ ਕਿਧਰੇ ਰਹੀ, ਉਸ ਦੀ ਟੀਮ ਫੈਸਲਾ ਐਲਾਨੇ ਜਾਣ ਤੋਂ ਇੱਕ ਦਿਨ ਪਿੱਛੋਂ ਤੱਕ ਵੀ ਇਸ ਕਾਨੂੰਨੀ ਪੱਖ ਨੂੰ ਨਹੀਂ ਸੀ ਪੜ੍ਹ ਸਕੀ ਕਿ ਸੁਪਰੀਮ ਕੋਰਟ ਦੇ ਉਸ ਪੁਰਾਣੇ ਹੁਕਮ ਕਾਰਨ ਅਦਾਲਤ ਤੋਂ ਸਜ਼ਾ ਮਿਲਣ ਦੇ ਵਕਤ ਹੀ ਪਾਰਲੀਮੈਂਟ ਮੈਂਬਰੀ ਵੀ ਖਤਰੇ ਵਿੱਚ ਪੈ ਜਾਂਦੀ ਹੈ। ਕੋਈ ਹੋਰ ਸਰਕਾਰ ਭਾਰਤ ਵਿੱਚ ਹੁੰਦੀ ਤਾਂ ਲਿਹਾਜ਼ ਦੀ ਰਿਵਾਇਤ ਪਾਲਣ ਦਾ ਬਹਾਨਾ ਬਣਾ ਕੇ ਕਾਂਗਰਸ ਪਾਰਟੀ ਨੂੰ ਆਪਣੇ ਅਹਿਸਾਨ ਹੇਠ ਦੱਬਣ ਵਾਲਾ ਕੋਈ ਰਾਹ ਚੁਣ ਸਕਦੀ ਸੀ, ਪਰ ਨਰਿੰਦਰ ਮੋਦੀ ਕੋਲੋਂ ਕਾਂਗਰਸ ਪਾਰਟੀਇਹੋ ਜਿਹੀ ਆਸ ਨਹੀਂ ਕਰ ਸਕਦੀ। ਇਸ ਕਰ ਕੇ ਉਸ ਦੀ ਹਾਈ ਕਮਾਂਡ ਨੂੰ ਤੇਜ਼ੀ ਨਾਲ ਵਗਣਾ ਚਾਹੀਦਾ ਸੀ, ਪਰ ਤੇਜ਼ੀ ਨਾਲ ਉਹ ਨਹੀਂ ਵਗੇ ਅਤੇ ਨਰਿੰਦਰ ਮੋਦੀ ਟੀਮ ਤੇਜ਼ੀ ਵਿਖਾ ਗਈ, ਜਿਸ ਨਾਲ ਅਮੇਠੀ ਦਾ ਜੱਦੀ ਹਲਕਾ ਹਾਰਨ ਪਿੱਛੋਂ ਕੇਰਲਾ ਦੇ ਵਾਇਨਾਡ ਵਾਲੀ ਠਾਹਰ ਉੱਤੇ ਪਹੁੰਚ ਚੁੱਕਾ ਰਾਹੁਲ ਗਾਂਧੀ ਅੱਜ 'ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ' ਵਾਲੀ ਹਾਲਾਤ ਵਿੱਚ ਫਸਿਆ ਪਿਆ ਹੈ।

ਗੱਲ ਸਿਰਫ ਏਥੋਂ ਤੱਕ ਸੀਮਤ ਨਹੀਂ ਰਹਿਣ ਵਾਲੀ। ਅੰਮ੍ਰਿਤਪਾਲ ਸਿੰਘ ਦੇ ਮੁੱਦੇ ਕਾਰਨ ਬ੍ਰਿਟਿਸ਼ ਅਤੇ ਅਮਰੀਕੀ ਸਰਕਾਰਾਂ ਨੂੰ ਨਰਿੰਦਰ ਮੋਦੀ ਸਰਕਾਰ ਨੇ ਜਿਸ ਤਰ੍ਹਾਂ ਦਾ ਸੰਕੇਤ ਦਿੱਤਾ ਹੈ, ਉਸ ਦਾ ਅਸਰ ਭਵਿੱਖ ਦੀ ਸੰਸਾਰ ਪੱਧਰ ਦੀ ਰਾਜਨੀਤੀ, ਜਿਸ ਨੂੰ ਕੂਟਨੀਤੀ ਕਿਹਾ ਜਾਂਦਾ ਹੈ, ਉੱਤੇ ਵੀ ਦਿਖਾਈ ਦੇਣ ਲੱਗ ਜਾਵੇਗਾ। ਆਸਟਰੇਲੀਆ ਵਿੱਚ ਭਾਰਤ ਦੇ ਕੁਝ ਸਰਕਾਰੀ ਦਫਤਰਾਂ ਵਿਰੁੱਧ ਕੁਝ ਲੋਕਾਂ ਨੇ ਹੱਦਾਂ ਤੋੜਦੀ ਸਰਗਰਮੀ ਕੀਤੀ ਸੀ ਤਾਂ ਉਸ ਪਿੱਛੋਂ ਭਾਰਤ ਆਏ ਓਥੋਂ ਦੇ ਪ੍ਰਧਾਨ ਮੰਤਰੀ ਨੂੰ ਵੀ ਭਾਰਤ ਦੇ ਪ੍ਰਧਾਨ ਮੰਤਰੀ ਨੇ ਇਸ ਬਾਰੇ ਆਪਣੀ ਸਰਕਾਰ ਦਾ ਰੁਖ ਏਦਾਂ ਦੱਸਿਆ ਸੀ ਕਿ ਉਸ ਨੇ ਖੜੇ ਪੈਰ ਆਪਣੇ ਦੇਸ਼ ਵਿੱਚ ਏਦਾਂ ਦੀਆਂ ਹਰਕਤਾਂ ਵਿਰੁੱਧ ਸਖਤੀ ਦਾ ਐਲਾਨ ਕਰ ਦਿੱਤਾ ਸੀ। ਭਾਰਤ ਏਸੇ ਸਖਤੀ ਦਾ ਸੰਕੇਤ ਬਾਕੀ ਦੇਸ਼ਾਂ ਨੂੰ ਵੀ ਦੇਣ ਲੱਗ ਪਿਆ ਹੈ ਤੇ ਪਿਛਲੇ ਹਫਤਿਆਂ ਵਿੱਚ ਪਾਕਿਸਤਾਨ ਦੀ ਭਾਰਤ ਵਿਰੋਧੀ ਸਰਗਰਮੀ ਨੂੰ ਸ਼ਹਿ ਦੇਣ ਦੀ ਨੀਤੀ ਵਿਰੁੱਧ ਵੀ ਕੁਝ ਦੇਸ਼ ਬੋਲਣ ਲੱਗੇ ਹਨ। ਗੁਜਰਾਤ ਦੇ ਮੁੱਖ ਮੰਤਰੀ ਹੋਣ ਵੇਲੇ ਨਰਿੰਦਰ ਮੋਦੀ ਦੇ ਸਖਤ ਰੁਖ ਦੀ ਭਾਰਤ ਦੀ ਕੌਮੀ ਰਾਜਨੀਤੀ ਵਿੱਚ ਆਲੋਚਨਾ ਹੋ ਰਹੀ ਸੀ, ਅੱਜ ਭਾਰਤ ਸਰਕਾਰ ਦੇ ਅਗਵਾਨੂੰ ਵਜੋਂ ਉਸ ਦੇ ਓਸੇ ਰੁਖ ਨੂੰ ਭਾਰਤ ਦੀ ਕੌਮੀ ਸ਼ਕਤੀ ਕਿਹਾ ਜਾ ਰਿਹਾ ਹੈ। ਹਾਲਾਤ ਵਿਚਲਾ ਇਹ ਮੋੜ ਭਾਰਤ ਦੇਸ਼ ਨੂੰ ਅਗਲੇ ਦਿਨਾਂ ਵਿੱਚ ਕਿਸੇ ਪਾਸੇ ਲੈ ਜਾਂਦਾ ਹੈ, ਇਹ ਕਹਿਣਾ ਤਾਂ ਹਾਲ ਦੀ ਘੜੀ ਔਖਾ ਹੈ, ਪਰ ਮਾਰਚ ਦਾ ਉੱਨੀ ਤੋਂ ਪੰਝੀ ਤਰੀਕ ਵਾਲਾ ਇੱਕ ਹਫਤਾ ਇਸ ਦੀ ਰਾਜਨੀਤੀ ਅਤੇ ਕੂਟਨੀਤੀ ਦੋਵਾਂ ਲਈ ਨਵੇਂ ਮੋੜ ਦੀ ਸਾਰੀ ਝਲਕ ਦੇ ਗਿਆ ਹੈ।

14 ਅਪ੍ਰੈਲ : ਅੰਬੇਦਕਰ ਜਯੰਤੀ 'ਤੇ ਵਿਸ਼ੇਸ਼

# ਡਾ. ਅੰਬੇਦਕਰ ਦੇ ਸੁਪਨਿਆਂ ਦਾ ਭਾਰਤ



-ਹਰਪ੍ਰੀਤ ਸਿੰਘ ਬਰਾੜ-

ਬੇਸ਼ਕ ਭਾਰਤ ਸਨ 1947 'ਚ ਹੀ ਅੰਗ੍ਰੇਜ਼ਾਂ ਤੋਂ ਅਜਾਦੀ ਹਾਸਲ ਕਰਕੇ ਦੁਨੀਆਂ ਦੇ ਨਕਸ਼ੇ 'ਤੇ ਆਪਣੀ ਸੁਤੰਤਰ ਹੋਂਦ ਸਥਾਪਤ ਕਰ ਚੁੱਕਿਆ ਹੈ, ਪਰ ਭਾਰਤੀ ਸਮਾਜ 'ਚ ਹਜੇ ਵੀ ਏਕਤਾ, ਬਰਾਬਰਤਾ ਅਤੇ ਭਾਈਚਾਰੇ ਦੀ ਭਾਵਨਾ ਦੀ ਬਹੁਤ ਕਮੀਂ ਹੈ, ਜਿਸ ਨੂੰ ਹਾਸਲ ਕਰਨ ਵਿਚ ਡਾ. ਭੀਮਰਾਓ ਅੰਬੇਦਕਰ ਦੇ ਮਾਨਸਕ ਅਤੇ ਸਮਾਜਕ ਅਜਾਦੀ ਸੰਬਧੀ ਵਿਚਾਰ ਅਹਿਮ ਰੋਲ ਅਦਾ ਕਰ ਸਕਦੇ ਹਨ। ਡਾ. ਅੰਬੇਦਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੀ ਮਹੂ ਛਾਉਣੀ 'ਚ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਰਤਨਾਗਿਰੀ ਜਿਲ੍ਹੇ ਦਾ ਅੰਬਾਵੜੇ ਪਿੰਡ ਸੀ।ਉਨ੍ਹਾਂ ਦੇ ਪਿਤਾ ਦਾ ਨਾਂਅ ਰਾਮਜੀ ਰਾਓ ਅਤੇ ਮਾਤਾ ਦਾ ਨਾਂਅ ਭੀਮਾਬਾਈ ਸੀ।ਉਨ੍ਹਾਂ ਦੇ ਪਿਤਾ ਫੌਜ ਵਿਚ ਸਨ। ਜਦੋਂ ਉਹ ਪੰਜ 5 ਸਾਲ ਦੇ ਸਨ , ਉਦੋਂ ਉਨ੍ਹਾਂ ਦੀ ਮਾਤਾ ਦਾ ਸਵਰਗਵਾਸ ਹੋ ਗਿਆ ਸੀ। ਮਹਾਂਰਾਸ਼ਟਰ 'ਚ ਨਾਂਅ ਦੇ ਨਾਲ ਪਿੰਡ ਦਾ ਨਾਂਅ 'ਕਰ' ਲਾ ਕੇ ਲਿਖਿਆ ਜਾਂਦਾ ਹੈ। ਇਸ ਲਈ ਜਦੋਂ ਉਹ ਆਪਣੀ ਸ਼ੁਰੂਆਤੀ ਸਿੱਖਿਆ ਦੇ ਲਈ ਸਤਾਰਾ ਦੇ ਇਕ ਸਰਕਾਰੀ ਸਕੂਲ 'ਚ ਗਏ ਤਾਂ ਉਨ੍ਹਾਂ ਦਾ ਨਾਂਅ ਭੀਮਰਾਓ ਅੰਬਾਵਾਡੇਕਰ ਲਿਖਿਆ ਗਿਆ। ਇਕ ਅੰਬੇਦਕਰ ਸਿਰਨਾਂਅ ਦੇ ਅਧਿਆਪਕ ਨੇ ਉਨ੍ਹਾਂ ਨੂੰ ਕਿਹਾ ਕਿ ਅੰਬਾਵਾਡੇਕਰ ਬੁਲਾਉਂਦੇ ਸਮੇਂ ਅਟਪਟਾ ਲੱਗਦਾ ਹੈ , ਸੋ ਤੂੰ ਅੰਬੇਦਕਰ ਸਿਰਨਾਂਅ ਲਿਖਿਆ ਕਰ। ਬਸ ਉਦੋਂ ਤੋਂ ਹੀ ਉਨ੍ਹਾਂ ਨੂੰ ਭੀਮਰਾਓ ਅੰਬੇਦਕਰ ਕਹਿ ਕੇ ਬੁਲਾਇਆ ਜਾਣ ਲੱਗਿਆ। ਤੇਜ਼ ਦਿਮਾਗ ਦਾ ਹੋਣ ਦੇ ਕਾਰਨ , ਉਹ ਹਰ ਪਾਸਿਉਂ ਗਿਆਨ ਅਤੇ ਜਾਣਕਾਰੀ ਇਕੱਠੀ ਕਰਨ 'ਚ ਮਸ਼ਕੂਲ ਰਹਿੰਦੇ ਸਨ। ਸਨ 1907 'ਚ ਉਨ੍ਹਾ ਨੇ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ। ਸਨ 1908 'ਚ 17 ਸਾਲ ਦੀ ਉਮਰ 'ਚ ਡਾ. ਅੰਬੇਦਕਰ ਦਾ ਵਿਆਹ ਰਮਾਬਾਈ ਦੇ ਨਾਲ ਹੋਇਆ।ਉਨ੍ਹਾਂ ਨੇ ਬੜੋਦਾ ਦੇ ਮਹਾਂਰਾਜ ਵੱਲੋਂ ਦਿੱਤੇ ਜਾਣ ਵਾਲੇ ਵਜੀਫੇ ਵਾਲੀ 25 ਰੁਪਏ ਪ੍ਰਤੀ ਮਹੀਨਾ ਸਕੌਲਰਸ਼ਿੱਪ ਦੇ ਬਲਬੂਤੇ 'ਤੇ ਸਨ 1912 'ਚ ਬੀ. ਏ ਦੀ ਪ੍ਰੀਖਿਆ ਚੰਗੇ ਨੰਬਰਾ ਨਾਲ ਪਾਸ ਕੀਤੀ। ਫਿਰ ਉਹ ਉਚੇਰੀ ਸਿੱਖਿਆ ਦੇ ਲਈ ਵਿਦੇਸ਼ ਚਲੇ ਗਏ। ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਉਨ੍ਹਾਂ ਨੇ ਐਮ. ਏ ਅਤੇ ਪੀਐਚਡੀ ਦੀ ਡਿਗਰੀ ਹਾਸਲ ਕੀਤੀ। ਪਰ ਅਚਾਨਕ ਵਜੀਫਾ ਬੰਦ ਕੀਤੇ ਜਾਣ 'ਤੇ ਉਹ ਭਾਰਤ ਵਾਪਸ ਆਏ ਅਤੇ ਬੜੋਦਾ ਦੀ ਅਛੂਤ ਯਾਨੀ ਦਲਿਤ ਫੌਜ ਵਿਚ ਸਕੱਤਰ ਦੇ ਅਹੁਦੇ 'ਤੇ ਕੰਮ ਕਰਨ ਲੱਗੇ। ਪਰ ਰਿਆਸਤ ਦੀ ਸੇਵਾ 'ਚ ਉਨ੍ਹਾਂ ਨੂੰ ਕਈ ਤਰ੍ਹਾਂ ਦੀਆ ਨਮੋਸ਼ੀਆਂ ਅਤੇ ਬੇਜਤੀ ਦਾ ਸਾਹਮਣਾ ਕਰਨਾ ਪਿਆ। ਬਾਅਦ 'ਚ ਉਹ ਮੁੰਬਈ ਦੇ ਸਿਡਨੇਮ ਕਾਲਜ ਆਫ ਕਾਮਰਸ ਐਂਡ ਇਕਨੋਮਿਕਸ 'ਚ ਪੋਫੈਸਰ ਲੱਗ ਗਏ। ਸਨ 1920 'ਚ ਕੋਲ੍ਹਾਪੁਰ ਦੇ ਮਹਾਂਰਾਜ ਵੱਲੋਂ ਵਜੀਫਾ ਹਾਸਲ ਕਰਕੇ, ਉਹ ਆਪਣੀ ਅਧੂਰੀ ਪੜ੍ਹਾਈ ਪੂਰੀ ਕਰਨ ਦੇ ਲਈ ਲੰਦਨ ਚਲੇ ਗਏ। ਸਨ, 1923 'ਚ ਉਨ੍ਹਾਂ ਨੂੰ ਡਾਕਟਰ ਆਫ ਸਾਈਂਸ (ਡੀ. ਐਸ .ਸੀ ) ਦੀ ਪਦਵੀ ਹਾਸਲ ਹੋਈ। ਲੰਦਨ 'ਚ ਬੈਰਿਸਟਰੀ ਪਾਸ ਕਰਕੇ, ਉਹ ਵਾਪਸ ਭਾਰਤ ਪਰਤ ਆਏ। ਫਿਰ ਉਹ ਮੁੰਬਈ ਹਾਈ ਕੋਰਟ 'ਚ ਵਕਾਲਤ ਕਰਨ ਲੱਗ ਗਏ ਅਤੇ ਮੰਬਈ ਵਿਧਾਨ-ਪ੍ਰੀਸ਼ਦ ਦੇ ਮੈਂਬਰ ਚੁਣੇ ਗਏ।

ਡਾ. ਅੰਬੇਦਕਰ ਨੇ ਸਮਾਜ ਸੁਧਾਰ ਦੇ ਅਨੇਕਾਂ ਕੰਮ ਕੀਤੇ।ਉਨ੍ਹਾਂ ਦੇ ਪੇਰਣਾ ਸ੍ਰੋਤ ਕਬੀਰ, ਮਹਾਤਮਾ ਫੂਲੇ ਅਤੇ ਮਹਾਤਮਾ ਬੁੱਧ ਸਨ। ਉਨ੍ਹਾਂ ਨੇ ਆਣੀ ਪ੍ਰਸਿੱਧ ਕਿਤਾਬ (ਸ਼ੂਦਰ ਕੌਣ ਸਨ?) ਨੂੰ ਮਹਾਤਮਾ ਫੂਲੇ ਨੂੰ ਭੇਂਟ ਕੀਤਾ। ਉਨ੍ਹਾਂ ਨੇ ਅਛੂਤਾਂ, ਗਰੀਬ ਕਿਸਾਨਾਂ, ਔਰਤਾਂ ਅਤੇ ਮਜਦੂਰਾਂ, ਸਾਰਿਆਂ ਦੇ ਸਮਾਜਕ, ਰਾਜਨੀਤਿਕ ਅਤੇ ਆਰਥਕ ਮੁੱਦਿਆਂ ਨੂੰ ਚੁੱਕਿਆ। ਭਾਰਤੀ ਸਮਾਜ 'ਚ ਅਛੂਤਾਂ ਦੀ ਮਾੜੀ ਹਾਲਤ ਨੂੰ ਉਨ੍ਹਾਂ ਨੇ ਖੁਦ ਨੇ ਵੀ ਭੋਗਿਆ। ਇਸ ਲਈ ਉਨ੍ਹਾਂ ਨੇ ਧੱਕੇਸ਼ਾਹੀ ਅਤੇ ਸ਼ੋਸ਼ਣ ਖਿਲਾਫ ਕਈ ਅੰਦੋਲਣ ਕੀਤੇ। ਉਨ੍ਹਾਂ ਨੇ ਅਛੂਤਾਂ ਅਤੇ ਦਲਿਤਾਂ ਦੇ ਕਲਿਆਣ ਲਈ 1917 ਤੋਂ ਹੀ ਅੰਦੋਲਣ ਸ਼ੁਰੂ ਕਰ ਦਿੱਤੇ ਸਨ, ਪਰ 1927 ਤੋਂ ਉਨ੍ਹਾਂ ਦੇ ਅੰਦੋਲਣਾਂ ਨੇ ਦਬਦਬਾ ਬਣਾਉਣਾ ਸ਼ੁਰੂ ਕੀਤਾ।

ਉਨ੍ਹਾਂ ਦੇ ਮੁੱਖ ਅੰਦੋਲਣਾ 'ਚੋਂ ਮਹਾੜ ਅੰਦੋਲਣ (1929), ਮੰਦਿਰ ਪ੍ਰਵੇਸ਼ ਅੰਦੋਲਣ(1929-30), ਲੇਬਰ ਪਾਰਟੀ ਦੀ ਸਥਾਪਨਾ (1936), ਨਾਗਪੁਰ ਸੰਮੇਲਣ (1942), ਧਰਮ ਪਰਿਵਰਤਨ ਅੰਦੋਲਣ(1956) ਆਦਿ ਅਹਿਮ ਅੰਦੋਲਣ ਹਨ। ਉਨ੍ਹਾਂ ਨੇ ਮੂਕਨਾਇਕ ਅਤੇ ਜਨਤਾ ਨਾਮੀਂ ਅਖਬਾਰ ਵੀ ਕੱਢੇ।

ਭੀਮਰਾਓ ਅੰਬੇਦਕਰ ਜਾਤ-ਪਾਤ ਦੀਆ ਜੰਜੀਰਾਂ ਤੋੜ ਕੇ ਇਕ ਸਮਾਨਤਾ ਵਾਲੇ ਸਮਾਜ ਦੀ ਸਿਰਜਨਾ ਕਰਨਾ ਚਾਹੁੰਦੇ ਸਨ। ਉਨ੍ਹਾ ਦਾ ਮੰਨਣਾ ਸੀ ਕਿ ਔਰਤ ਚਾਹੇ ਕਿਸੇ ਵੀ ਵਰਗ ਜਾਂ ਜਾਤਿ ਦੀ ਹੋਵੇ , ਉਸ ਦਾ ਸਮਾਜ ਵੱਲੋਂ ਸ਼ੋਸ਼ਣ ਹੁੰਦਾ ਹੀ ਹੈ। ਕੋਈ ਵੀ ਦੇਸ਼ ਉਦੋਂ ਤਰੱਕੀ ਕਰ ਸਕਦਾ ਹੈ, ਜਦੋਂ ਉਥੋਂ ਦੀਆ ਔਰਤਾਂ ਅਤੇ ਬੱਚਿਆਂ ਦੀ ਦਸ਼ਾ ਚੰਗੀ ਹੋਵੇ। ਉਨ੍ਹਾਂ ਨੇ ਮੁੰਡਿਆਂ ਦੇ ਨਾਲ-ਨਾਲ ਕੁੜੀਆਂ ਦੀ ਸਿੱਖਿਆ ਦੇ ਵੱਲ ਵੀ ਸਮਾਜ ਦਾ ਧਿਆਨ ਕਰਵਾਇਆ। ਉਨ੍ਹਾਂ ਨੇ ਬਾਲ-ਵਿਆਹ ਦਾ ਵੀ ਪ੍ਰਭਾਵੀ ਢੰਗ ਨਾਲ ਵਿਰੋਧ ਕੀਤਾ। ਨਾਲ ਹੀ ਹਿੰਦੂ -ਕੋਡ ਬਿੱਲ (ਜਿਸ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਹੱਕ ਦਿੱਤੇ ਗਏ ਸਨ) ਨੂੰ ਪਾਸ ਕਰਵਾਉਣ ਦੇ ਲਈ ਮੰਤਰੀ ਮੰਡਲ ਤੋਂ ਇਸਤੀਫਾ ਵੀ ਦਿੱਤਾ। ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਰਨ ਹੀ ਸੰਵਿਧਾਨ 'ਚ ਬਰਾਬਰਤਾ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਮੰਨਿਆ ਗਿਆ ਹੈ। ਭਾਰਤ ਨੂੰ ਅਜਾਦ ਹੋਏ ਸੱਤ 7 ਦਹਾਕੇ ਹੋ ਗਏ ਹਨ, ਪਰ ਮੌਜੂਦਾ ਸਮੇਂ 'ਚ ਅਸੀਂ ਲੋਕ ਇਕ -ਦੂਜੇ ਦੇ ਨੇੜੇ ਆਉਣ ਦੀ ਬਜਾਏ ਇਕ -ਦੂਜੇ ਤੋਂ ਦੂਰ ਜਾ ਰਹੇ ਹਾਂ। ਯਾਤਾਯਾਤ ਦੇ ਅਨੇਕਾਂ ਸਾਧਨ ਵਿਕਸਤ ਹੋਣ ਕਾਰਨ ਸਾਡੀਆਂ ਸਥਾਨਕ ਦੂਰੀਆਂ ਤਾਂ ਜਰੂਰ ਘੱਟ ਗਈਆਂ ਹਨ, ਪਰ ਧਰਮ, ਜਾਤਿ, ਭਾਸ਼ਾ, ਆਰਥਕ, ਸਮਾਜਕ ਅਤੇ ਰਾਜਨੀਤਿਕ ਸਵਾਰਥਾਂ ਦੇ ਚਲਦਿਆਂ ਅਸੀਂ ਕਿਤੇ ਨਾ ਕਿਤੇ ਅੱਜ ਵੀ ਮਾਨਸਿਕ ਅਤੇ ਸਮਾਜਕ ਗੁਲਾਮੀ ਦੇ ਸ਼ਿਕਾਰ ਹਾਂ। ਬਾਬਾ ਸਾਹਿਬ ਅੰਬੇਦਕਰ ਦੇ ਲਈ ਆਪਣਾ ਦੇਸ਼ ਸਭ ਤੋਂ ਜਿਆਦਾ ਅਹਿਮ ਸੀ। ਸਭ ਤੋਂ ਪਹਿਲਾਂ ਉਹ ਆਪਣੇ ਆਪ ਨੂੰ ਭਾਰਤਵਾਸੀ ਮੰਨਦੇ ਸਨ ਅਤੇ ਬਾਅਦ 'ਚ ਹੋਰ ਕੁਝ।ਉਨ੍ਹਾਂ ਦੇ ਲਈ ਦੇਸ਼ ਹਿੱਤ ਸਭ ਤੋਂ ਉਪਰ ਸੀ।ਉਨ੍ਹਾਂ ਨੇ ਕਈ ਮੌਕਿਆਂ 'ਤੇ ਕਿਹਾ ਹੈ ਕਿ ਇਕ ਚੰਗਾ ਸਮਾਜ ਅਜਾਦੀ, ਸਮਾਨ-ਤਾ ਅਤੇ ਭਾਈਚਾਰੇ 'ਤੇ ਅਧਾਰਿਤ ਹੁੰਦਾ ਹੈ, ਇਨ੍ਹਾਂ ਤਿੰਨੇ ਤੱਤਾਂ ਨੂੰ ਇਕ -ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ।ਇਹ ਤਿੰਨੋਂ ਤੱਤ ਮਿਲ ਕੇ ਹੀ ਸਮਾਜ 'ਚ ਇਕਜੁੱਟਤਾ ਸਥਾਪਤ ਕਰਦੇ ਹਨ। ਸਾਰੇ ਦੇਸ਼ਵਾਸੀ ਆਪਸ 'ਚ ਭਰਾ-ਭਰਾ ਹਨ, ਸਾਰੀ ਭਾਰਤੀ ਜਨਤਾ ਅਪਣੱਤ ਦੀ ਭਾਵਨਾ ਨਾਲ ਜੁੜੀ ਹੋਈ ਹੈ। ਜੇਕਰ ਮਨ ਵਿਚ ਇਕਜੁੱਟਤਾ ਦਾ ਰਸ ਵਰ੍ਹਾਉਣ ਵਾਲਾ ਕੋਈ ਤੱਤ ਹੈ ਤਾਂ ਉਹ ਸਿਰਫ ਭਾਈਚਾਰਾ ਹੈ। ਅਸਲ 'ਚ ਸਾਨੂੰ ਇਕ ਅਜਿਹਾ ਰਸਤਾ ਬਣਾਉਣਾ ਚਾਹੀਦਾ ਹੈ, ਜੋ ਸਾਨੂੰ ਵੱਖਵਾਦ ਦੇ ਰਾਹ ਤੋਂ ਇਕਜੁੱਟਤਾ ਅਤੇ ਭਾਈਚਾਰੇ ਵੱਲ ਲੈ ਜਾਵੇ।



ਭਾਰਤ 'ਚ ਅਨੇਕਾ ਧਰਮ ਅਤੇ ਜਾਤਾਂ ਹਨ। ਇਨ੍ਹਾਂ ਦੀ ਆੜ ਲੈ ਕੇ ਕੁਝ ਲੋਕ ਸਮਾਜਿਕ ਜੀਵਨ 'ਚ ਵਿਖਰੇਵੇਂ ਪੈਦਾ ਕਰ ਸਕਦੇ ਹਨ, ਜਿਸ ਨਾਲ ਦੇਸ਼ ਦੀ ਬੁਨਿਆਦ ਦੇ ਲਈ ਖਤਰਾ ਪੈਦਾ ਹੋ ਸਕਦਾ ਹੈ। ਅੰਗੇਜਾਂ ਤੋਂ ਅਜਾਦ ਹੋਏ ਤਾਂ ਸਾਨੂੰ ਐਨੇ ਸਾਲ ਬੀਤ ਗਏ ਹਨ ਪਰ ਅਸੀਂ ਹਜੇ ਵੀ ਮਾਨਸਿਕ ਅਜਾਦੀ ਹਾਸਲ ਨਹੀਂ ਕਰ ਪਾਏ ਹਾਂ।ਆਏ ਦਿਨ ਹੋਣ ਵਾਲੇ ਦੰਗੇ-ਫਸਾਦ ਕਿਤੇ ਨਾ ਕਿਤੇ ਇਸੇ ਵੱਲ ਇਸ਼ਾਰਾ ਕਰਦੇ ਹਨ। ਡਾ. ਅੰਬੇਦਕਰ ਕਹਿੰਦੇ ਸਨ ਕਿ ਜਿਸ ਧਰਮ ਦਾ ਮੂਲ ਮਨੁੱਖ-ਮਨੁੱਖ 'ਚ ਫਰਕ ਪੈਦਾ ਕਰਨਾ ਹੈ, ਉਹ ਧਰਮ ਸੱਚਾ ਧਰਮ ਕਹਾਉਣ ਦੇ ਲਾਇਕ ਨਹੀਂ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਕਿਸੇ ਵੀ ਧਰਮ ਨੂੰ ਦਰਿਦ੍ਰਤਾ ਅਤੇ ਗਰੀਬੀ ਦਾ ਸਮਰਥਨ ਨਹੀਂ ਕਰਨਾ ਚਾਹੀਦਾ।ਦਰਿਦ੍ਰਤਾ ਦਾ ਸਮਰਥਨ ਕਰਨ ਦਾ ਮਤਲਬ ਗੁਨ੍ਹਾਗਾਰੀ ਅਤੇ ਅਨੈਤਿਕਤਾ ਨੂੰ ਹੁੰਗਾਰਾ ਦੇਕੇ ਇਕ ਜਿੰਦਗੀ 'ਚ ਨਰਕਾਂ ਵਾਲੇ ਹਾਲਾਤ ਪੈਦਾ ਕਰਨ ਜਿਹਾ ਪਾਪ ਹੈ।

ਦਰਅਸਲ, ਨੈਤਿਕਤਾ 'ਤੇ ਅਧਾਰਤਦ ਧਰਮ ਹੀ ਸਮਾਜ ਦੇ ਲਈਪ ਲਾਹੇਵੰਦ ਹੈ। ਨਾਲ ਹੀ ਡਾ. ਅੰਬੇਦਕਰ ਨੂੰ ਸਭ ਤੋਂ ਜਿਆਦਾ ਗੁੱਸਾ ਜਾਤਿ-ਪ੍ਰਥਾ ਅਤੇ ਇਸ ਤੋਂ ਪੈਦਾ ਹੋਏ ਛੂਆਛਾਤ 'ਤੇ ਸੀ।ਕਿਸੇ ਵੀ ਵਿਅਕਤੀ ਨੂੰ ਆਪਣੀ ਸਖਸ਼ੀਅਤ ਦੇ ਵਿਕਾਸ ਦੇ ਲਈ ਆਪਣੀ ਸਮਰੱਥਾ, ਦੇ ਮੁਤਾਬਿਕ ਆਪਣਾ ਰਸਤਾ ਚੁਣਨ ਦੀ ਅਜਾਦੀ ਹੋਣੀ ਚਾਹੀਦੀ ਹੈ ਪਰ ਜਾਤੀ-ਪ੍ਰਥਾ ਇਸ ਸਿਧਾਂਤ ਦਾ ਵਿਰੋਧ ਕਰਦੀ ਹੈ।

ਮੌਜੂਦਾ ਸਮੇਂ 'ਚ ਇਹ ਜਾਤਿ -ਪ੍ਰਥਾ ਕਈ ਨੌਜੁਆਨਾ ਦੇ ਵਿਚਾਰਾਂ ਅਤੇ ਮਨੋਦਸ਼ਾ 'ਚ ਰਚੀ ਹੋਈ ਹੈ।ਉਨ੍ਹਾਂ ਦੇ ਲਈ ਹੁਣ ਵੀ ਮਨੁੱਖ ਦੀ ਕੀਮਤ ਘੱਟ, ਜਾਤਿ ਦੀ ਕੀਮਤ ਜਿਆਦਾ ਹੈ।ਜਾਤਿ ਉਨ੍ਹਾਂ ਦੇ ਲਈ ਉਹ ਅਨਮੋਲ ਧਨ ਹੈ ਜਿਸ ਦੇ ਉੱਪਰ ਉਹ ਆਪਣੀ ਸਖਸ਼ੀਅਤ ਅਤੇ ਹੋਂਦ ਤੱਕ ਨੂੰ ਵਾਰ ਸਕਦੇ ਹਨ। ਉਹ ਭੁੱਖਾ ਮਰਨਾ ਪਸੰਦ ਕਰਦੇ ਹਨ ਪਰ ਦੂਜਿਆਂ ਦਾ ਪੇਸ਼ਾ ਨਹੀਂ ਅਪਣਾਉਂਦੇ।ਆਰਥਕ ਸੰਗਠਨ ਦੇ ਲਈ ਇਹ ਜਾਤਿ -ਪ੍ਰਥਾ ਬਹੁਤ ਵਿਨਾਸ਼ਵਕਾਰੀ ਹੈ। ਇਸ ਨਾਲ ਕਿਸੇ ਦੇ ਮਨੁੱਖ ਦੇ ਕੁਦਰਤੀ ਗੁਣਾਂ, ਸ਼ਕਤੀਆ ਅਤੇ ਭਾਵਨਾਵਾਂ ਦਾ ਘਾਣ ਹੁੰਦਾ ਹੈ। ਸੋ ਜਦੋਂ ਤੱਕ ਨੌਜੁਆਨ ਪੀੜੀ ਦੇ ਦਿਮਾਗ ਵਿਚੋਂ ਜਾਤ-ਪਾਤ ਦਾ ਭੇਦਭਾਵ ਨਹੀਂ ਮਿਟ ਜਾਂਦਾ, ਉਦੋਂ ਤੱਕ ਅਸੀਂ ਗੁਲਾਮ ਹੀ ਰਹਾਂਗੇ।

ਅਜਾਦੀ ਤੋਂ ਬਾਅਦ ਸਿੱਖਿਆ ਦੀ ਗੱਲ ਕੀਤੀ ਜਾਵੇ ਤਾਂ ਸਨ 1951 'ਚ ਲਗਪਗ 84 ਫੀਸਦ ਅਬਾਦੀ ਅਨਪੜ੍ਹ ਸੀ। ਔਰਤਾਂ 'ਚ ਤਾਂ ਇਹ ਫੀਸਦ ਲਗਪਗ 92 ਪ੍ਰਤੀਸ਼ਤ ਸੀ। ਮੌਜੂਦਾ ਸਮੇਂ 'ਚ ਸਿੱਖਿਅਕ ਜਨਸੰਖਿਆ 'ਚ ਲਗਾਤਾਰ ਵਾਧਾ ਹੋ ਰਿਹਾ ਹੈ ਪਰ ਸਾਨੂੰ ਅੱਜ ਵੀ ਆਰਥਕ ਅਸਮਾਨਤਾ, ਬੇਰੋਜਗਾਰੀ ਅਤੇ ਭੁਖਮਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੰਨਿਆ ਕਿ ਸਾਰੇ ਤਰ੍ਹਾਂ ਦੇ ਬੰਧਨਾ ਤੋਂ ਮੁਕਤੀ ਸਿੱਖਿਆ ਨਾਲ ਹੀ ਸੰਭਵ ਹੈ, ਪਰ ਸਿਰਫ ਸਿੱਖਿਆ ਨਾਲ ਹੀ ਕੰਮ ਨਹੀਂ ਚੱਲੇਗਾ, ਜਦੋਂ ਤੱਕ ਉਸ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਹਾਸਲ ਨਹੀਂ ਕੀਤੀ ਜਾਂਦੀ , ਉਸ ਦੇ ਸਬਕਾਂ 'ਤੇ ਅਮਲ ਕਰਨ ਲਈ ਡੂੰਘਾਈ ਨਾਲ ਕੋਸ਼ਿਸ਼ ਨਹੀਂ ਕੀਤੀ ਜਾਂਦੀ, ਉਸ ਤੋਂ ਚੰਗਿਆਈ ਗ੍ਰਹਿਣ ਕਰਨ ਲਈ ਉਪਾਅ ਨਹੀਂ ਕੀਤੇ ਜਾਂਦੇ, ਉਸਦਾ ਇਸਤੇਮਾਲ ਕਲਿਆਣਕਾਰੀ ਕੰਮ ਲਈ ਨਹੀਂ ਕੀਤਾ ਜਾਂਦਾ। ਪਿੰਡਾ ਸ਼ਹਿਰਾਂ 'ਚ ਬਰਾਬਰੀ ਨਾਲ 100 ਫੀਸਦ ਸਾਖਰਤਾ ਦਾ ਮਿਸ਼ਨ ਪੂਰਾ ਨਹੀਂ ਕੀਤਾ ਜਾਂਦਾ।

ਅਸਲ 'ਚ ਅੰਗੇਜਾਂ ਤੋਂ ਭਾਰਤ ਨੂੰ ਜੋ ਅਜਾਦੀ ਪ੍ਰਾਪਤ ਹੋਈ, ਉਹ ਇਤਿਹਾਸਕ ਹੁੰਦੇ ਹੋਏ ਵੀ ਮੌਜੂਦਾ ਸਮੇਂ 'ਚ ਅਧੂਰੀ ਹੈ।ਜਦੋਂ ਤੱਕ ਰਾਜਨੀਤਿਕ ਪਾਰਟੀਆਂ ਵੱਲੋਂ ਹਕੂਮਤ ਦਾ ਗਲਤ ਇਸਤੇਮਾਲ , ਔਰਤਾਂ ਦਾ ਸ਼ਰੀਰਕ ਅਤੇ ਮਾਨਸਿਕ ਸ਼ੋਸ਼ਣ, ਜਾਤੀਗਤ ਅਤੇ ਆਰਥਮ ਅਸਮਾਨਤਾ, ਰਾਜਨੀਤਿਕ ਅਤੇ ਆਰਥਕ ਸਵਾਰਥ, ਭ੍ਰਿਸ਼ਟਾਚਾਰ, ਭੁੱਖ, ਬੇਰੋਜਗਾਰੀ, ਭੇਦਭਾਵ, ਛੂਆਛਾਤ ਅਤੇ ਅੱਤਵਾਦ ਦਾ ਅੰਤ ਨਹੀਂ ਹੋ ਜਾਂਦਾ, ਉਦੋਂ ਤੱਕ ਡਾ. ਅੰਬੇਦਕਰ ਵੱਲੋਂ ਲਿਆ ਗਿਆ ਅਜਾਦ ਭਾਰਤ ਦਾ ਸੁਪਨਾ ਪੂਰਾ ਨਹੀਂ ਹੋ ਸਕਦਾ। ਇਸਦੇ ਲਈ ਨਾ ਸਿਰਫ ਸਿੱਖਿਆ ਨੂੰ ਰੋਜਗਾਰ ਨਾਲ ਜੋੜਨ ਦੀ ਲੋੜ ਹੈ, ਸਗੋਂ ਨੌਜੁਆਨ ਪੀੜ੍ਹੀ ਨੂੰ ਇਕੱਠਿਆਂ ਹੋ ਕੇ ਦੇਸ਼ ਹਿੱਤ ਦੇ ਲਈ ਵਧ ਚੜ੍ਹ ਕੇ ਕੰਮ ਕਰਨ ਦੀ ਵੀ ਲੋੜ ਹੈ। ਸਹੀ ਮਾਇਨਿਆਂ 'ਚ ਅਤੇ ਹਕੀਕੀ ਰੂਪ 'ਚ ਅਸੀਂ ਉਦੋਂ ਹੀ ਅਜਾਦ ਹੋ ਪਾਵਾਂਗੇ ਅਤੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਜੀ ਦੇ ਸੁਪਨਿਆਂ ਨੂੰ ਪੂਰਾ ਕਰ ਸਕਾਂਗੇ।

## ਅੱਜ ਨਾਮਾ

ਕਰਨਾਟਕ ਭਾਜਪਾ ਵਿੱਚ ਹੈ ਪਿਆ ਰੱਫੜ,
ਰੁੱਸ ਕੇ ਆਗੂ ਕਈ ਰਹੇ ਹਨ ਛੋੜ ਬੇਲੀ।
ਕਹਿੰਦੇ ਟਿਕਟ ਨਹੀਂ ਦਿੱਤੀ ਜੇ ਪਾਰਟੀ ਨੇ,
ਅਸਾਂ ਨੂੰ ਪਾਰਟੀ ਦੀ ਕੋਈ ਨਾ ਲੋੜ ਬੇਲੀ।
ਕਰ ਲਈ ਚਾਕਰੀ ਬੜਾ ਚਿਰ ਪਾਰਟੀ ਦੀ,
ਹੋ ਜਾਊ ਨਵਾਂ ਕੋਈ ਕਿਸੇ ਥਾਂ ਜੋੜ ਬੇਲੀ।
ਉਨ੍ਹਾਂ ਨੂੰ ਲੋੜ ਨਾ ਅਸਾਂ ਦੀ ਜਾਪ ਰਹੀ ਤਾਂ,
ਸਾਨੂੰ ਵੀ ਘਰਾਂ ਦੀ ਕੋਈ ਨਹੀਂ ਥੋੜ੍ਹ ਬੇਲੀ।
ਓਧਰ ਕਾਂਗਰਸ ਦੇ ਵਿੱਚ ਵੀ ਹਾਲ ਇਹੀਉ,
ਇੱਕ ਇੱਕ ਅਨਾਰ ਲਈ ਸੌ ਬਿਮਾਰ ਬੇਲੀ।
ਜਿਹੜੇ ਲੀਡਰ ਨੂੰ ਟਿਕਟ ਤੋਂ ਨਾਂਹ ਕਰਨੀ,
ਹੋ ਜਾਊ ਭੁੜਕ ਫਿਰ ਡੰਡਿਉਂ ਪਾਰ ਬੇਲੀ।

ਤੀਸ ਮਾਰ ਖਾਂ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਮੇਰੀ ਪਾਕਿਸਤਾਨ ਫੇਰੀ: ਤੀਸਰਾ ਦਿਨ ਪੁਰਖਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' 'ਚ







ਡਾ. ਸੁਖਦੇਵ ਸਿੰਘ ਝੰਡ
ਫੋਨ: +91 97798 81084

18 ਫ਼ਰਵਰੀ 2023 ਸ਼ਨੀਵਾਰ ਲਹਿੰਦੇ ਪੰਜਾਬ ਵਿਚ ਸਾਡਾ ਤੀਸਰਾ ਦਿਨ ਸੀ ਅਤੇ ਇਸ ਦਿਨ ਅਸੀ ਆਪਣੇ ਪੁਰਖਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਜਾਣ ਦਾ ਪ੍ਰੋਗਰਾਮ ਬਣਾਇਆ। 1947 ਦੀ ਭਾਰਤ-ਪਾਕਿਸਤਾਨ ਵੰਡ ਤੋਂ ਪਹਿਲਾਂ ਲਾਇਲਪੁਰ ਜ਼ਿਲੇ ਵਿਚ ਪੈਂਦਾ ਇਹ ਇਕ ਮਸ਼ਹੂਰ ਪਿੰਡ ਸੀ। ਲਾਹੌਰ ਨੂੰ ਜਾਣ ਵਾਲੀ ਰੇਲਵੇ ਲਾਈਨ ਪਿੰਡ ਦੇ ਨੇੜਿਉਂ ਲੰਘਦੀ ਸੀ ਅਤੇ ਇਸ ਉੱਪਰ ਰੇਲਵੇ ਸਟੇਸ਼ਨ 'ਗੱਟੀ' ਸੀ ਅਤੇ ਇਹ ਹੁਣ ਵੀ ਹੈ। ਆਲ਼ੇ-ਦੁਆਲ਼ੇ ਦੇ 8-10 ਪਿੰਡਾਂ ਵਿੱਚ ਸੱਭ ਤੋਂ ਪਹਿਲਾ ਪ੍ਰਾਇਮਰੀ ਸਕੂਲ ਮੇਰੇ ਪੁਰਖਿਆਂ ਦੇ ਇਸ ਪਿੰਡ ਵਿੱਚ ਹੀ ਬਣਿਆਂ ਸੀ ਜਿਸ ਕਰਕੇ ਇਸ ਦਾ ਨਾਂ 'ਗੱਟੀ ਸਕੂਲ ਵਾਲੀ' ਪੈ ਗਿਆ। ਹੁਣ ਅੱਜਕੱਲ੍ਹ ਇਸ ਪਿੰਡ ਦਾ ਏਹੀ ਨਾਂ ਚੱਲਦਾ ਹੈ ਅਤੇ 'ਗੱਟੀ ਤਲਾਵਾਂ' ਨੂੰ ਲੋਕ ਹੁਣ ਭੁੱਲਦੇ ਜਾ ਰਹੇ ਹਨ।

1892 ਵਿਚ 'ਬਾਰਾਂ' ਵਸਾਉਣ ਸਮੇਂ ਅੰਗਰੇਜਾਂ ਵੱਲੋਂ ਬਣਾਏ ਗਏ 'ਚੱਕ ਨੰਬਰ 202' ਨੂੰ 'ਗੱਟੀ ਤਲਾਵਾਂ' ਦਾ ਨਾਂ ਤਾਂ ਸਾਡੇ ਪੁਰਖਿਆਂ ਵੱਲੋਂ ਦਿੱਤਾ ਗਿਆ ਸੀ, ਕਿਉਂਕਿ ਉਹ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਤਲਾਵਾਂ ਤੋਂ ਉੱਠ ਕੇ ਉੱਥੇ ਗਏ ਸਨ ਅਤੇ ਆਪਣੇ ਪੁਰਾਣੇ ਪਿੰਡ 'ਤਲਾਵੇਂ' ਦੇ ਨਾਂ ਨੂੰ ਉਨ੍ਹਾਂ ਨੇ ਇਸ ਪਿੰਡ ਦੇ ਨਾਲ ਜੋੜ ਲਿਆ ਸੀ। 15 ਅਗਸਤ 1947 ਨੂੰ ਹੋਈ ਭਾਰਤ-ਪਾਕਿਸਤਾਨ ਵੰਡ ਤੋਂ ਤਿੰਨ ਦਿਨ ਬਾਅਦ 18 ਅਗਸਤ ਨੂੰ ਲੱਗਭੱਗ 'ਖਾਲੀ ਹੱਥੀ' ਚੱਲ ਕੇ (ਬਲ੍ਹਦਾਂ ਨਾਲ ਚੱਲਣ ਵਾਲੇ ਗੱਡਾਂਓ ਉੱਪਰ ਕੇਵਲ ਥੋੜ੍ਹਾ ਜਿਹਾ ਰਸਦ-ਪਾਣੀ ਅਤੇ ਲੀੜਾ-ਕੱਪੜਾ ਲੈ ਕੇ) 33 ਦਿਨਾਂ ਦਾ ਬਿਖੜਾ ਪੈਂਡਾ ਤੈਅ ਕਰਨ ਤੋਂ ਬਾਅਦ ਇਕ ਵਾਰ ਫਿਰ ਉਹ ਅੰਮ੍ਰਿਤਸਰ ਜ਼ਿਲੇ ਦੇ ਆਪਣੇ ਪੁਰਾਣੇ ਪਿੰਡ 'ਤਲਾਵਾਂ' ਆ ਗਏ। ਉਨ੍ਹਾਂ ਦੇ ਉੱਥੋਂ ਜਾਣ ਤੋਂ ਬਾਅਦ ਗੱਟੀ ਪਿੰਡ ਦੇ ਵਸਨੀਕਾਂ ਨੂੰ ਇਹ ਨਾਂ (ਗੱਟੀ ਤਲਾਵਾਂ) ਹੌਲੀ-ਹੌਲੀ ਵਿੱਸਰ ਗਿਆ ਹੋਵੇਗਾ। ਤਾਂ ਹੀ ਹੁਣ ਉਹ ਇਸ ਨੂੰ 'ਗੱਟੀ ਸਕੂਲ ਵਾਲੀ' ਸੱਦਦੇ ਹਨ। ਨਵੀਂ ਪੀੜ੍ਹੀ ਵਿੱਚੋਂ ਹੁਣ ਵਿਰਲੇ-ਵਿਰਲੇ ਹੀ ਇਸ ਨੂੰ 'ਗੱਟੀ ਤਲਾਵਾਂ' ਵਜੋਂ ਜਾਣਦੇ ਹੋਣਗੇ। ਅਲਬੱਤਾ, ਇਸ ਪਿੰਡ ਦੇ ਸਾਡੇ ਮੇਜ਼ਬਾਨ ਮੁਨੱਵਰ ਹੁਸੈਨ ਅਤੇ ਜ਼ਹੂਰ ਹੁਸੈਨ ਇਹ ਨਾਂ ਹੀ ਲੈ ਰਹੇ ਸਨ। ਉਨ੍ਹਾਂ ਨੂੰ ਸਾਡੇ ਸਾਹਮਣੇ ਸ਼ਾਇਦ ਇਹ ਨਾਂ ਲੈਣਾ ਚੰਗਾ ਲੱਗ ਰਿਹਾ ਸੀ। ਇੱਥੋਂ ਮੇਰੇ ਪਿਤਾ ਜੀ ਸ. ਵਰਿਆਮ ਸਿੰਘ ਨੇ 1936 ਵਿਚ ਚੌਥੀ ਜਮਾਤ ਤੱਕ ਵਿੱਦਿਆ ਹਾਸਲ ਕੀਤੀ ਸੀ ਅਤੇ ਅੱਠਵੀਂ ਤੱਕ ਉਹ ਪਿੰਡ ਤੋਂ 10 ਕੁ ਕਿਲੋਮੀਟਰ ਦੂਰ ਪੈਂਦੇ ਪਿੰਡ 'ਮਈਆਂ ਵਾਲਾ' ਦੇ ਮਿਡਲ ਸਕੂਲ ਵਿਚ ਪੜ੍ਹੇ ਸਨ। ਉਦੋਂ ਪ੍ਰਾਇਮਰੀ ਸਕੂਲ ਵਿਚ ਪੜ੍ਹਾਈ ਚਾਰ ਜਮਾਤਾਂ ਤੱਕ ਹੀ ਹੁੰਦੀ ਸੀ ਅਤੇ ਪੰਜਵੀਂ ਜਮਾਤ ਲਈ ਮਿਡਲ ਸਕੂਲ ਜਾਣਾ ਪੈਂਦਾ ਸੀ। ਮੈਟ੍ਰਿਕ ਉਨ੍ਹਾਂ ਨੇ ਲਾਇਲਪੁਰ ਦੇ ਖਾਲਸਾ ਸਕੂਲ ਤੋਂ ਅਤੇ ਐੱਫ਼.ਐੱਸ.ਸੀ. ਲਾਇਲਪੁਰ ਖਾਲਸਾ ਕਾਲਜ ਤੋਂ 1944 ਕੀਤੀ। ਬੀ.ਐੱਸ.ਸੀ. (ਮੈਡੀਕਲ) ਖਾਲਸਾ ਕਾਲਜ ਅੰਮ੍ਰਿਤਸਰ ਤੋਂ 1946 ਵਿਚ ਕੀਤੀ। 1947 ਦੀ 'ਭਾਰਤ-ਪਾਕਿਸਤਾਨ ਵੰਡ' ਹੋ ਜਾਣ ਕਾਰਨ 'ਜ਼ਿਲੇਦਾਰ' ਬਣਦੇ-ਬਣਦੇ ਰਹਿ ਗਏ ਅਤੇ ਇਧਰ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਚੌਹਾਨ ਆ ਕੇ ਗੌਰਮਿੰਟ ਟ੍ਰੇਨਿੰਗ ਕਾਲਜ ਜਲੰਧਰ ਤੋਂ ਬੀ.ਟੀ. ਕਰਕੇ ਸਾਇੰਸ ਮਾਸਟਰ ਬਣ ਗਏ।

## ਪੁਰਾਣਾ ਲਾਇਲਪੁਰ ਬਣਿਆ ਹੁਣ 'ਫੈਸਲਾਬਾਦ'

ਬਜ਼ੁਰਗ ਦੱਸਦੇ ਹੁੰਦੇ ਸਨ ਕਿ ਲਾਇਲਪੁਰ ਸ਼ਹਿਰ ਦਾ ਨਾਂ ਇਕ ਅੰਗਰੇਜ਼ ਅਫ਼ਸਰ 'ਲਾਇਲ' ਦੇ ਨਾਂ 'ਤੇ ਰੱਖਿਆ ਗਿਆ ਸੀ ਜਿਸ ਨੇ 'ਬਾਰਾਂ' ਵਸਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਵੰਡ ਤੋਂ ਕਈ ਸਾਲ ਬਾਅਦ ਇਸ ਸ਼ਹਿਰ ਲਾਇਲਪੁਰ ਦਾ ਨਾਂ ਬਦਲ ਕੇ 'ਫੈਸਲਾਬਾਦ' ਕਰ ਦਿੱਤਾ ਗਿਆ ਜੋ ਅਸਲ ਵਿਚ 'ਫੈਸਲ ਆਬਾਦ' ਹੈ ਅਤੇ ਇਹ ਨਾਂ ਇਕ ਬਹੁਤ ਹੀ ਅਮੀਰ ਪਾਕਿਸਤਾਨੀ ਸ਼ਖ਼ਸ 'ਫੈਸਲ' ਦੇ ਨਾਂ 'ਤੇ ਰੱਖਿਆ ਗਿਆ। ਏਸੇ ਹੀ ਅਹਿਮ ਤੇ ਬੇਹੱਦ ਅਮੀਰ ਵਿਅੱਕਤੀ ਦੇ ਨਾਂ 'ਤੇ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਇਕ ਬਹੁਤ ਵੱਡੀ ਖ਼ੂਬਸੂਰਤ ਮਸਜਿਦ 'ਫੈਸਲ ਮਸਜਿਦ' ਬਣੀ ਹੋਈ ਹੈ ਜੋ ਆਪਣੇ ਆਪ ਵਿਚ ਇਕ ਅਜੂਬਾ ਹੀ ਜਾਪਦੀ ਹੈ। ਵੈਸੇ, ਪਿਛਲੇ ਦੋ ਦਿਨਾਂ ਤੋਂ ਸਾਡੇ ਨਾਲ ਵਿਚਰ ਰਹੇ 'ਪੰਜਾਬੀ ਪ੍ਰਚਾਰ ਟੀ.ਵੀ.' ਦੇ ਕੈਮਰਾਮੈਨ ਦਾ ਨਾਂ ਵੀ 'ਫੈਸਲ' ਹੈ ਪਰ ਉਸ ਦਾ ਇਸ ਅਮੀਰ ਸ਼ਖ਼ਸ ਨਾਲ ਕੋਈ ਸਬੰਧ ਨਹੀਂ ਹੈ। ਉਂਜ, ਹੋ ਸਕਦਾ ਹੈ ਕਿ ਉਸ ਦੇ ਮਾਂ-ਬਾਪ ਨੇ ਆਪਣੇ ਲਾਡਲੇ ਪੁੱਤਰ ਦਾ ਨਾਂ ਇਸ ਅਮੀਰ ਵਿਅੱਕਤੀ ਦੇ ਨਾਂ ਤੋਂ ਪ੍ਰਭਾਵਿਤ ਹੋ ਕੇ ਰੱਖਿਆ ਹੋਵੇ।

ਸਵੇਰੇ ਸਾਢੇ ਕੁ ਅੱਠ ਵਜੇ ਹੋਟਲ ਵਿਚ ਨਾਸ਼ਤਾ ਕਰਨ ਤੋਂ ਬਾਅਦ ਅਸੀਂ ਨੌਂ ਵਜੇ ਤੋਂ ਪਹਿਲਾਂ ਹੀ ਫੈਸਲਾਬਾਦ ਵੱਲ ਜਾਣ ਵਾਲੇ 'ਮੋਟਰਵੇਅ' ਵੱਲ ਚੱਲ ਪਏ। ਸੇਖੂਪੁਰਾ/ਹਾਫਿਜ਼ਾਬਾਦ ਨੂੰ ਜਾਣ ਵਾਲੇ ਮੋਟਰਵੇਅ ਐੱਮ-2 'ਤੇ ਜਾਂਦਿਆਂ ਰਾਵੀ ਦਰਿਆ ਨੂੰ ਟੱਪ ਕੇ ਕੁਝ ਕੁ ਕਿਲੋਮੀਟਰ ਅੱਗੇ ਜਾ ਕੇ ਇਹ ਖੱਬੇ ਪਾਸੇ ਮੁੜ ਕੇ ਫੈਸਲਾਬਾਦ ਨੂੰ ਜਾਂਦਾ ਹੈ। (ਪਾਕਿਸਤਾਨ ਵਿਚ ਸਾਰੇ ਹੀ ਹਾਈਵੇਅਜ਼ 'ਮੋਟਰਵੇਅ' ਦੇ ਨਾਂ ਨਾਲ ਜਾਣੇ ਜਾਂਦੇ ਹਨ)। ਲਾਹੌਰ ਤੋਂ ਫੈਸਲਾਬਾਦ ਦੀ ਦੂਰੀ 182 ਕਿਲੋਮੀਟਰ ਹੈ ਅਤੇ ਮੋਟਰਵੇਅ 'ਤੇ ਉੱਥੇ ਜਾਦਿਆਂ ਢਾਈ-ਤਿੰਨ ਘੰਟੇ ਲੱਗ ਜਾਂਦੇ ਹਨ। ਮੇਰੇ ਪੁਰਖਿਆਂ ਦਾ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਫੈਸਲਾਬਾਦ ਤੋਂ ਅੱਗੇ ਭਾਵੇਂ 9-10 ਕਿਲੋਮੀਟਰ ਹੀ ਦੂਰ ਹੈ ਪਰ ਮੋਟਰਵੇਅ ਐੱਮ-2 ਤੋਂ ਪਿੰਡ ਨੂੰ ਜਾਣ ਵਾਲੀ ਛੋਟੀ ਸੜਕ ਜੋ ਦੋ-ਤਿੰਨ ਪਿੰਡਾਂ ਵਿਚੋਂ ਵਲ਼-ਵਲੇਵੇਂ ਖਾਂਦੀ ਹੋਈ ਜਾਂਦੀ ਹੈ, ਉੱਪਰ ਜਾਂਦਿਆਂ ਅਤੇ ਲੋਕਾਂ ਕੋਲੋਂ ਰਸਤਾ ਪੁੱਛਦੇ-ਪੁਛਾਉਂਦੇ ਸਾਨੂੰ ਅੱਗੋਂ ਇਕ ਘੰਟਾ ਹੋਰ ਲੱਗ ਗਿਆ ਅਤੇ ਅਸੀਂ ਦੁਪਹਿਰ ਦੇ ਇੱਕ ਵਜੇ ਦੇ ਕਰੀਬ ਆਪਣੇ ਪੁਰਖਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਪਹੁੰਚੇ।

ਪਿੰਡ ਪਹੁੰਚਣ 'ਤੇ ਪਿੰਡ-ਵਾਸੀਆਂ ਵੱਲੋਂ ਹੋਇਆ ਭਰਵਾਂ ਸੁਆਗਤ

ਇਸ ਪਿੰਡ ਵਿਚ ਸਾਡੇ ਜਾਣੂੰ ਪਰਿਵਾਰ ਦੇ ਮੈਂਬਰ ਦੋ ਭਰਾ ਮੁਨੱਵਰ ਹੁਸੈਨ ਅਤੇ ਜ਼ਹੂਰ ਹੁਸੈਨ ਜਿਨ੍ਹਾਂ ਦੇ ਦਾਦਾ ਜੀ ਬਹਾਰ ਦੀਨ ਅਤੇ ਮੇਰੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ ਗੂੜ੍ਹੇ ਦੋਸਤ ਸਨ, ਆਪਣੇ ਪਰਿਵਾਰ ਦੇ ਹੋਰ ਜੀਆਂ ਨਾਲ ਬੜੀ ਤੀਬਰਤਾ ਨਾਲ ਸਾਡੀ ਉਡੀਕ ਕਰ ਰਹੇ ਸਨ। ਉਨ੍ਹਾਂ ਆਪਣੇ ਹੱਥਾਂ ਵਿਚ ਗੁਲਾਬ ਦੇ ਫੁੱਲਾਂ ਦੇ ਹਾਰ ਫੜੇ ਹੋਏ ਸਨ ਅਤੇ ਗੱਡੀ ਵਿੱਚੋਂ ਉੱਤਰਦਿਆਂ ਹੀ ਉਨ੍ਹਾਂ ਨੇ ਉਹ ਸਾਡੇ ਗਲ਼ਾਂ 'ਚ ਪਾ ਦਿੱਤੇ। ਅਸੀਂ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਮਿਲੇ। ਮੰਜੇ ਉੱਪਰ ਸਾਫ-ਸੁਥਰੇ ਬਿਸਤਰੇ 'ਤੇ ਬੈਠੇ ਹੋਏ ਉਨ੍ਹਾਂ ਦੇ 95-96 ਸਾਲ ਦੇ ਬਜ਼ੁਰਗ ਮਾਤਾ ਜੀ ਸਾਨੂੰ ਸਾਰਿਆ ਨੂੰ ਘੁੱਟ-ਘੁੱਟ ਕੇ ਜੱਫੀਆਂ ਪਾ ਕੇ ਮਿਲੇ। ਪਰਿਵਾਰ ਦੇ ਹੋਰ ਜੀਅ ਵੀ ਸਾਨੂੰ ਖ਼ੂਬ ਤਪਾਕ ਨਾਲ ਮਿਲੇ। ਮਿਲਣ-ਗਿਲਣ ਤੋਂ ਬਾਅਦ ਉਨ੍ਹਾਂ ਦੀ 'ਬੈਠਕ' (ਡਰਾਇੰਗ-ਰੂਮ) ਵਿਚ ਬੈਠ ਕੇ ਡਰਾਈ ਫ਼ਰੂਟ ਦੇ ਨਾਲ ਜੂਸ ਦਾ ਗਲਾਸ-ਗਲਾਸ ਪੀਤਾ। ਮੁਨੱਵਰ ਹੁਸੈਨ ਨੇ ਦੱਸਿਆ ਕਿ ਸਕੂਲ ਵਿਚ ਸਟਾਫ਼ ਅਤੇ ਵਿਦਿਆਥੀਆਂ ਨੇ ਸਾਨੂੰ 'ਜੀ-ਆਇਆਂ' ਕਹਿਣ ਅਤੇ ਚਾਹ-ਪਾਣੀ ਛਕਾਉਣ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ। ਇਸ ਲਈ ਅਸੀਂ ਉੱਥੋਂ ਜਲਦੀ ਹੀ ਉਸ ਦੇ ਛੋਟੇ ਭਰਾ ਜ਼ਹੂਰ ਹੁਸੈਨ ਨਾਲ ਸਕੂਲ ਵੱਲ ਚੱਲ ਪਏ।

ਪ੍ਰਾਇਮਰੀ ਸਕੂਲ ਦੇ ਸਟਾਫ਼ ਵੱਲੋਂ ਹੋਇਆ ਸਾਡਾ ਨਿੱਘਾ ਸੁਆਗ਼ਤ

ਅਸੀਂ ਪਹਿਲਾਂ ਸਕੂਲ ਦੇ ਪ੍ਰਾਇਮਰੀ ਸੈੱਕਸ਼ਨ ਵਿਚ ਗਏ। ਇਹ ਉਹੀ ਸਕੂਲ ਸੀ ਜਿੱਥੇ ਮੇਰੇ ਪਿਤਾ ਜੀ ਚੌਥੀ ਜਮਾਤ ਤੱਕ ਪੜ੍ਹਦੇ ਰਹੇ ਸਨ। ਸਕੂਲ ਦੀ ਇਮਾਰਤ ਦਾ ਇਕ ਹਿੱਸਾ ਅਜੇ ਵੀ ਪੁਰਾਣਾ ਓਸੇ ਸਮੇਂ ਵਾਲਾ ਹੀ ਸੀ ਅਤੇ ਦੂਸਰਾ ਹਿੱਸਾ ਨਵਾਂ ਅਜੋਕੇ ਡਿਜ਼ਾਈਨ ਦਾ ਬਣਿਆ ਹੋਇਆ ਸੀ। ਸਕੂਲ ਦੇ ਗੇਟ ਦੇ ਅੰਦਰ ਦਾਖ਼ਲ ਹੁੰਦਿਆਂ ਹੀ ਦੋ ਲਾਈਨਾਂ ਵਿਚ ਖੜੇ ਵਿਦਿਆਰਥੀਆਂ ਨੇ ਆਪਣੇ ਹੱਥਾ ਵਿਚ ਫੜੀਆਂ ਹੋਈਆਂ ਪਲੇਟਾਂ ਵਿੱਚੋਂ ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ ਸਾਡੇ ਉੱਪਰ ਸੁੱਟੀਆਂ ਅਤੇ ਸਟਾਫ਼ ਮੈਂਬਰਾਂ ਨੇ ਗੁਲਾਬ ਦੇ ਫੁੱਲਾਂ ਦੇ ਹਾਰ ਸਾਡੇ ਗ਼ਲ਼ਾਂ 'ਚ ਪਾਏ। ਇਸ ਤਰ੍ਹਾਂ ਆਪਣਾ ਇਹ ਸੁਆਗ਼ਤ ਹੁੰਦਾ ਵੇਖ ਕੇ ਅਸੀਂ ਸਾਰੇ ਭਾਵੁਕ ਹੋ ਗਏ। ਸਟਾਫ਼ ਮੈਂਬਰਾਂ ਨਾਲ ਕੁਝ ਸਮਾਂ ਬਿਤਾਇਆ ਅਤੇ ਉਨਾਂ ਨਾਲ ਗੱਲਾਂ-ਬਾਤਾਂ ਸਾਂਝੀਆਂ ਕੀਤੀਆਂ। ਫਿਰ ਉਨ੍ਹਾਂ ਕੋਲੋਂ ਆਗਿਆ ਲੈ ਕੇ ਅਸੀਂ ਗੱਡੀ 'ਤੇ ਸੈਕੰਡਰੀ ਸਕੂਲ ਵੱਲ ਚੱਲ ਪਏ ਜੋ ਉਥੋਂ ਕੁਝ ਦੂਰੀ 'ਤੇ ਸੀ। ਪ੍ਰਾਇਮਰੀ ਸਕੂਲ ਵਾਲਾ ਇਹ ਸੈੱਕਸ਼ਨ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਦੀ ਨਿਗਰਾਨੀ ਵਿਚ ਹੀ ਚੱਲਦਾ ਸੀ।

ਸੈਕੰਡਰੀ ਸਕੂਲ 'ਚ ਪ੍ਰਿੰਸੀਪਲ ਤੇ ਸਟਾਫ਼ ਵੱਲੋਂ ਵੀ ਹੋਇਆ ਬੇਹੱਦ ਸੁਆਗ਼ਤ

ਸੈਕੰਡਰੀ ਸਕੂਲ ਵਿਚ ਪਹੁੰਚ ਕੇ ਮੇਨ ਗੇਟ ਦੇ ਅੰਦਰ ਜਾਂਦਿਆਂ ਹੀ ਇਸ ਸਕੂਲ ਦੇ ਵਿਦਿਆਰਥੀਆਂ ਨੇ ਵੀ ਗੁਲਾਬ ਦੀਆਂ ਫੁੱਲ-ਪੱਤੀਆਂ ਦੀ ਵਰਖਾ ਸਾਡੇ ਸਿਰਾਂ ਉੱਪਰ ਕੀਤੀ ਅਤੇ ਉਨ੍ਹਾਂ ਤੋਂ ਅੱਗੇ ਖੜੇ ਸਕੂਲ ਦੇ





ਪ੍ਰਿੰਸੀਪਲ ਸਾਹਿਬ, ਸਟਾਫ਼ ਮੈਂਬਰਾਂ ਅਤੇ ਪਿੰਡ ਗੱਟੀ ਦੇ ਪਤਵੰਤਿਆਂ ਨੇ ਸਾਡੇ ਗ਼ਲ਼ਾਂ 'ਚ ਗੁਲਾਬ ਦੇ ਫੁੱਲਾਂ ਦੇ ਹਾਰ ਪਾ ਕੇ ਸਾਡਾ ਸੁਆਗ਼ਤ ਕੀਤਾ। ਉੱਥੇ ਮਿਲਣ ਤੋਂ ਬਾਅਦ ਉਹ ਸਾਨੂੰ ਪ੍ਰਿੰਸੀਪਲ ਸਾਹਿਬ ਦੇ ਦਫ਼ਤਰ ਵਿਚ ਲੈ ਗਏ ਜੋ ਕਾਫੀ ਖੁੱਲ੍ਹਾ-ਡੁੱਲ੍ਹਾ ਸੀ ਅਤੇ ਉੱਥੇ ਬਹੁਤ ਸਾਰੀਆਂ ਕੁਰਸੀਆਂ ਲੱਗੀਆਂ ਹੋਇਅ ਸਨ। ਪਾਣੀ-ਧਾਣੀ ਪੀਦਿਆਂ ਖਾਣ-ਪੀਣ ਦਾ ਸਮਾਨ ਅਤੇ ਚਾਹ ਆ ਗਈ। ਉਨ੍ਹਾਂ ਨੇ ਕਾਫੀ ਉਚੇਚ ਕੀਤੀ ਲੱਗਦੀ ਸੀ ਜੋ ਕਿ ਖਾਣ-ਪੀਣ ਦੀਆਂ ਵਰਾਇਟੀਆਂ ਤੋਂ ਸਾਫ਼ ਨਜ਼ਰ ਆ ਰਹੀ ਸੀ। ਚਾਹ-ਪਾਣੀ ਦਾ ਆਨੰਦ ਲੈਂਦਿਆਂ ਪਿੰਡ ਦੇ ਇਕ ਪਤਵੰਤੇ ਫ਼ਰੂਖ ਸਾਹਿਬ ਨੇ ਪਿੰਡ ਗੱਟੀ ਦੇ ਲੋਕਾਂ ਬਾਰੇ ਆਪਣੀ ਇਕ ਖ਼ੂਬਸੂਰਤ ਕਵਿਤਾ ਸੁਣਾਈ ਜਿਸ ਵਿਚ ਗੱਟੀ ਪਿੰਡ ਦੇ ਲੋਕਾਂ ਦਾ ਸੱਭ ਤੋਂ ਵੱਧ ਪੜ੍ਹੇ-ਲਿਖੇ ਹੋਣ ਦਾ ਵਿਸ਼ੇਸ਼ ਜ਼ਿਕਰ ਸੀ। ਇਸ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਆਪਣੇ ਪੁਰਖਿਆਂ ਦੇ ਪਿੰਡ 'ਗੱਟੀ ਤਲਾਵਾਂ' ਬਾਰੇ ਆਪਣੀ ਇੱਕ ਕਵਿਤਾ ਉਨ੍ਹਾਂ ਦੀ ਨਜ਼ਰ ਕੀਤੀ। ਕਵਿਤਾ ਦੇ ਪਹਿਲੇ ਚਾਰ ਬੰਦ ਪਿੰਡ ਗੱਟੀ, 1947 ਦੀ ਵੰਡ ਸਮੇਂ ਲੋਕਾਂ ਦੇ ਹੋਏ ਉਜਾੜੇ ਅਤੇ ਸਿੱਖਾਂ ਕੋਲੋਂ ਵਿਛੋੜੇ ਗਏ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਪੰਜਾ ਸਾਹਿਬ, ਨਨਕਾਣਾ ਸਾਹਿਬ, ਸੱਚਾ ਸੌਦਾ ਸਾਹਿਬ, ਡੇਰਾ ਸਾਹਿਬ, ਆਦਿ ਬਾਰੇ ਸਨ। ਇਸ ਦੇ ਇਕ ਬੰਦ ਵਿਚ ਲਾਹੌਰ ਬਾਰੇ ਵੀ ਜ਼ਿਕਰ ਆਉਂਦਾ ਸੀ ਜਿਸ ਨੂੰ ਸੁਣ ਕੇ ਸਾਰੇ ਅਸ਼-ਅਸ਼ ਕਰ ਉੱਠੇ। ਪੂਰੀ ਕਵਿਤਾ 'ਭੁੱਖ ਜਾਂ ਤੜਪ?' ਇੰਜ ਸੀ :

ਵਾਹਗੇ ਦੀ ਸਰਹੱਦ ਨੂੰ ਮੈਂ ਅੱਜ ਟੱਪਣ ਆਇਆ ਹਾਂ,
ਪੁਰਖ਼ਿਆਂ ਦੇ ਪਿਛਲੇਰੇ ਪਿੰਡ ਨੂੰ ਤੱਕਣ ਆਇਆ ਹਾਂ।

'ਚੱਕ ਨੰਬਰ ਦੋ ਸੌ ਦੋ' ਖ਼ੁਸ਼ੀਆਂ ਦਾ ਡੇਰਾ ਹੁੰਦਾ ਸੀ,
ਜੋਗ ਜੋਤ ਕੇ ਤਾਇਆ, ਜਿੱਥੇ ਹਲ਼ ਚਲਾਉਂਦਾ ਸੀ,
ਇਕ ਸਟੇਸ਼ਨ ਰੇਲਵੇ ਦਾ 'ਗੱਟੀ' ਅਖਵਾਉਂਦਾ ਸੀ,
ਜਿੱਥੋਂ ਗੱਡੀ ਫੜ੍ਹ ਕੇ ਬਾਪੂ ਲਾਹੌਰ ਜਾ ਆਉਂਦਾ ਸੀ,
ਬਜ਼ੁਰਗਾਂ ਦੀਆਂ ਨਿਸ਼ਾਨੀਆਂ 'ਤੇ ਫੁੱਲ ਰੱਖਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ, .......................।

ਭਾਂਡੇ ਪਿੱਤਲ, ਕੈਂਹ ਦੇ, ਆਪਣੇ ਹੱਥੀਂ ਭੰਨੇ ਸੀ,
ਵਿਚ ਸਬਾਤਾਂ ਵਿਲਕਦੇ ਛੱਡੇ ਕੌਲੀਆਂ/ਛੰਨੇ ਸੀ,
ਗੂੜ੍ਹ ਹਨੇਰੇ ਵਿੱਛੜੇ ਪਏ, ਰੋਂਦੇ ਬੰਨੇ-ਚੰਨੇ ਸੀ,
ਛੱਡ ਘਰਾਂ ਨੂੰ ਟੱਬਰ ,ਤੁਰਿਆ ਬੰਨੇ-ਬੰਨੇ ਸੀ,
ਵਡੇਰਿਆਂ ਦੀ ਮਿੱਟੀ 'ਤੇ ਸਿਰ ਰੱਖਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ, .......................।

ਇਕ ਖੂਹ ਦੇ ਖੇਤ ਸਨ, ਉਦੋਂ ਦੂਰ ਜਿਹੇ ਹੋ ਗਏ,
ਨਕਸ਼ੇ ਦੀ 'ਲਕੀਰ' ਦੇ ਨਾਲ ਮਜਬੂਰ ਜਿਹੇ ਹੋ ਗਏ,
ਹਿੰਮਤਾਂ ਵਾਲੇ ਲੋਕ ਸੀ, ਥੱਕ ਕੇ ਚੂਰ ਜਿਹੇ ਹੋ ਗਏ,
ਵੱਸਦੇ ਰੱਸਦੇ ਘਰਾਂ ਤੋਂ, ਆਖ਼ਰ ਦੂਰ ਜਿਹੇ ਹੋ ਗਏ,
ਵਿਛੋੜੇ ਦੀ ਉਸ ਚੀਸ ਨੂੰ ਥੋੜ੍ਹਾ ਨੱਪਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ, .......................।

ਕਨੇਡਾ, ਅਮਰੀਕਾ, ਭਾਰਤ, ਤੇ ਮੈਕਸੀਕੋ ਵੇਖ ਲਏ,
ਨਾਇਕੀ, ਆਦੀਦਾਸ, ਤੇ 'ਸੀਕੋ'-ਸ਼ੀਕੋ' ਵੇਖ ਲਏ,
ਦਰਜੀ ਕੱਪੜੇ ਸਿਉਂਦੇ, ਵੀ ਕਰਦੇ 'ਪੀਕੋ' ਵੇਖ ਲਏ,
ਲਾਹੌਰ ਨਹੀ ਵੇਖਿਆ ਜੀਨ੍ਹੇ, ਕਹਿੰਦੇ ਉਹ ਜੰਮਿਆਂ ਨਹੀ,
ਉਸ ਲਾਹੌਰ ਨੂੰ ਵੇਖਣ, ਅੱਜ ਮੁੜ ਜੰਮਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ.............................।

'ਪੰਜਾ' ਤੇ 'ਨਨਕਾਣਾ' ਅੱਖਾਂ ਤੋਂ ਓਝਲ ਕਰ ਦਿੱਤੇ,
ਜਾਣ ਲਈ ਓਥੇ 'ਰਾਹ-ਖੇੜੇ' ਸਨ ਬੋਝਲ ਕਰ ਦਿੱਤੇ,
ਵੀਜ਼ਿਆਂ ਦੀਆਂ ਸ਼ਰਤਾਂ ਨੇ ਹੋਰ ਵੀ ਕੋਝਲ ਕਰ ਦਿੱਤੇ,
ਭੁੱਖ, ਤੜਪ ਜਾਂ ਜੋ ਵੀ ਏ, ਇਹ 'ਝੰਡ' ਦਰਸ਼ਨਾਂ ਦੀ,
ਉਸ ਨੂੰ ਦੂਰ ਕਰਨ, ।।। ਤੇ ਅੱਜ ਰੱਜਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ, .......................।।।.।

## ਸਕੂਲ ਦਾ ਰਾਊਂਡ ਲਾਇਆ

ਚਾਹ-ਪਾਣੀ ਅਤੇ ਕਵਿਤਾਵਾਂ ਦੇ ਦੌਰ ਤੋਂ ਵਿਹਲੇ ਹੋ ਕੇ ਪ੍ਰਿੰਸੀਪਲ ਸਾਹਿਬ, ਸਟਾਫ਼ ਮੈਂਬਰਾਂ ਅਤੇ ਪਤਵੰਤਿਆਂ ਵੱਲੋਂ ਸਾਨੂੰ ਸਕੂਲ ਦੇ ਵੱਖ-ਵੱਖ ਬਲਾਕਾਂ ਦਾ ਚੱਕਰ ਲਵਾਇਆ ਗਿਆ। ਸਕੂਲ ਦੀ ਸਮੁੱਚੀ ਇਮਾਰਤ ਬੜੀ ਹੀ ਖ਼ੂਬਸੂਰਤ ਤੇ ਖੁੱਲ੍ਹੀ-ਡੁੱਲ੍ਹੀ ਸੀ ਅਤੇ ਸਕੂਲ ਨਾਲੋਂ ਇਹ ਕਿਸੇ ਵਧੀਆ ਕਾਲਜ ਦੀ ਬਿਲਡਿੰਗ ਦਾ ਭੁਲੇਖਾ ਪਾਉਂਦੀ ਸੀ। ਆਰਟਸ ਬਲਾਕ, ਸਾਇੰਸ ਬਲਾਕ, ਸਪੋਰਟਸ ਬਲਾਕ, ਲਾਇਬ੍ਰੇਰੀ ਬਲਾਕ ਅਤੇ ਸਕੂਲ ਦਾ ਵਿਸ਼ਾਲ ਹਾਲ, ਸਾਰੇ ਹੀ ਅਤੀ ਖ਼ੂਬਸੂਰਤ ਅਤੇ ਦਿਲ-ਖਿੱਚਵੇਂ ਸਨ। ਕਿਸੇ ਸਰਕਾਰੀ ਸਕੂਲ ਵਿਚ ਏਨੀਆਂ ਖ਼ੂਬਸੂਰਤ ਇਮਾਰਤਾਂ ਦਾ ਹੋਣਾ ਸਾਡੇ ਸਾਰਿਆਂ ਲਈ ਹੈਰਾਨੀ ਵਾਲੀ ਗੱਲ ਸੀ। ਇਸ ਦੇ ਬਾਰੇ ਪੁੱਛਣ 'ਤੇ ਪ੍ਰਿੰਸੀਪਲ ਸਾਹਿਬ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਇਮਾਰਤਾਂ ਦਾਨੀ-ਸੱਜਣਾਂ ਵੱਲੋਂ ਆਏ ਹੋਏ ਦਾਨ ਨਾਲ ਬਣੀਆਂ ਹਨ। ਪਹਿਲਾਂ ਹੀ ਸਾਡਾ ਮਨ ਇਨ੍ਹਾਂ ਦੋਹਾਂ ਸਕੂਲਾਂ ਨੂੰ ਕੁਝ ਰਕਮ ਭੇਂਟ ਕਰਨ ਦਾ ਸੀ। ਪ੍ਰਿੰਸੀਪਲ ਸਾਹਿਬ ਤੋਂ ਦਾਨੀ-ਸੱਜਣਾਂ ਵੱਲੋਂ ਆਈ ਰਕਮ ਨਾਲ ਇਮਾਰਤਾਂ ਬਣਨ ਬਾਰੇ ਸੁਣਨ ਤੋਂ ਬਾਅਦ ਇਹ ਹੋਰ ਵੀ ਪਕੇਰਾ ਹੋ ਗਿਆ ਅਤੇ ਅਸੀਂ ਦੋਹਾਂ ਸਕੂਲਾਂ ਨੂੰ ਪੰਜਾਹ-ਪੰਜਾਹ ਹਜ਼ਾਰ ਰੁਪਏ ਦਾਨ ਵਜੋਂ ਪ੍ਰਿੰਸੀਪਲ ਸਾਹਿਬ ਨੂੰ ਦਿੱਤੇ ਜੋ ਉਨ੍ਹਾਂ ਨੇ ਓਸੇ ਵੇਲੇ ਜਨਾਬ ਫ਼ਰੂਖ਼ ਸਾਹਿਬ ਦੇ ਹਵਾਲੇ ਇਹ ਕਹਿੰਦਿਆਂ ਕਰ ਦਿੱਤੇ ਕਿ ਸਕੂਲ ਦਾ ਸਾਰਾ ਖ਼ਰਚਾ ਇਨ੍ਹਾਂ ਦੇ ਰਾਹੀਂ ਹੀ ਹੁੰਦਾ ਹੈ।

ਪਿੰਡ ਦਾ ਗੇੜਾ

ਸਕੂਲ ਦੇ ਰਾਊਂਡ ਤੋਂ ਵਿਹਲੇ ਹੋ ਕੇ ਅਸੀਂ ਪਿੰਡ ਦਾ ਗੇੜਾ ਲਾਉਣ ਲਈ ਚੱਲ ਪਏ। ਮੇਜ਼ਬਾਨ ਜ਼ਹੂਰ ਹੁਸੈਨ ਸਾਡੇ ਨਾਲ ਸੀ ਜਿਸ ਨੇ ਸਾਨੂੰ ਸਾਡੇ ਪੁਰਖਿਆਂ ਦਾ ਘਰ ਅਤੇ ਸਾਡੇ ਸ਼ਰੀਕੇ-ਭਾਈਚਾਰੇ ਦੇ ਘਰ ਵਿਖੇ। ਉਸ ਨੇ ਆਪਣੇ ਬਾਪ ਅਤੇ ਦਾਦਾ ਜੀ ਤੋਂ ਇਸ ਦੇ ਬਾਰੇ ਬੜਾ ਕੁਝ ਸੁਣਿਆ ਹਇਆ ਸੀ। ਆਪਣੇ ਪੁਰਖਿਆਂ ਦਾ ਵੱਡਾ ਜੱਦੀ ਘਰ ਵੇਖ ਕੇ ਸਾਨੂੰ ਬੜੀ ਪ੍ਰਸੰਨਤਾ ਹੋਈ। ਉਸ ਘਰ ਵਿਚ ਹੁਣ ਪੰਜ ਪਰਿਵਾਰ ਰਹਿ ਰਹੇ ਸਨ ਅਤੇ ਉਨ੍ਹਾਂ ਦੇ ਘਰਾਂ ਦੇ ਕਈ ਕਮਰਿਆਂ ਦੀਆਂ ਛੱਤਾਂ ਅਜੇ ਵੀ ਓਹੀ ਪੁਰਾਣੀਆਂ ਗਾਰਡਰਾਂ, ਬਾਲਿਆਂ ਤੇ ਟਾਇਲਾਂ ਵਾਲੀਆਂ ਸਨ। ਅਲਬੱਤਾ, ਬਾਹਰਲੀ ਵੱਡੀ ਬੈਠਕ ਨੂੰ ਢਾਹ ਕੇ ਉੱਥੇ ਛੇ ਦੁਕਾਨਾਂ ਬਣੀਆਂ ਹੋਈਆਂ ਸਨ ਅਤੇ ਉਨ੍ਹਾਂ ਦੇ ਵਿਚਾਲੇ ਘਰਾਂ ਨੂੰ ਜਾਣ ਵਾਲੇ ਗੇਟ ਸਨ।

ਸ਼ਰੀਕੇ ਦੇ ਸਾਡੇ ਇਕ ਵਡੇਰੇ ਸ. ਜਵਾਲਾ ਸਿੰਘ ਝੰਡ ਦਾ ਘਰ ਸਾਡੇ ਪੁਰਖਿਆਂ ਦੇ ਘਰ ਨਾਲੋਂ ਵੀ ਵੱਡਾ ਸੀ। ਉਹ ਵਿਖਾਉਂਦਿਆਂ ਹੋਇਆਂ ਮੇਜ਼ਬਾਨ ਜ਼ਹੂਰ ਹੁਸੈਨ ਨੇ ਸਾਨੂੰ ਦੱਸਿਆ ਕਿ ਉੱਥੇ ਹੁਣ 17 ਪਰਿਵਾਰ ਵੱਸ ਰਹੇ ਹਨ। ਪਿੰਡ ਦੇ ਸਾਰੇ ਬਾਜ਼ਾਰ ਬੜੇ ਖੁੱਲ੍ਹੇ ਸਨ ਅਤੇ ਚੰਡੀਗੜ੍ਹ ਦੇ ਵੱਖ-ਵੱਖ ਸੈੱਕਟਰਾਂ ਵਾਂਗ ਉਹ ਸਾਰੇ ਇਕ ਦੂਸਰੇ ਨੂੰ 90 ਡਿਗਰੀ 'ਤੇ ਕੱਟਦੇ ਸਨ। ਸਾਰੇ ਪਿੰਡ ਵਿਚ ਸੀਵਰੇਜ ਪਿਆ ਹੋਇਆ ਸੀ। ਕੋਈ ਵੀ ਨਾਲ਼ੀ ਸਾਨੂੰ ਨਜ਼ਰ ਨਹੀਂ ਆਈ ਜਿਸ ਵਿੱਚੋਂ ਬਾਹਰ ਆਉਂਦਾ ਗੰਦਾ ਪਾਣੀ ਗਲੀ-ਬਾਜ਼ਾਰ ਵਿਚ ਫਿਰ ਰਿਹਾ ਹੋਵੇ।

## ਮੁਹੰਮਦ ਅਨਵਰ ਦੇ ਘਰ ਜਾ ਕੇ ਪਰਿਵਾਰ ਦੇ ਮੈਂਬਰਾਂ ਨਾਲ ਕੀਤਾ ਅਫ਼ਸੋਸ


ਸਾਡਾ ਮੇਜ਼ਬਾਨ ਜ਼ਹੂਰ ਹੁਸੈਨ ਅਤੇ ਉਸ ਦਾ ਸਾਥੀ ਇਸ ਪਿੰਡ ਦਾ ਨੰਬਰਦਾਰ ਮੁਹੰਮਦ ਅਨਵਰ ਮਾਰਚ 2015 ਵਿਚ ਅੰਮ੍ਰਿਤਸਰ ਜ਼ਿਲੇ ਵਿਚ ਸਾਡੇ ਪਿੰਡ ਚੌਹਾਨ ਸਾਨੂੰ ਮਿਲਣ ਆਏ ਸਨ ਅਤੇ ਉਹ ਉੱਦੋਂ ਸਾਡੇ ਕੋਲ 12 ਦਿਨ ਠਹਿਰੇ। ਇਸ ਦੌਰਾਨ ਅਸੀਂ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਇਲਾਵਾ ਜਲੰਧਰ ਅਤੇ ਕਪੂਰਥਲਾ ਜ਼ਿਲੇ ਵਿਚ ਪੈਂਦੇ ਮੁਹੰਮਦ ਅਨਵਰ ਦੇ ਪੁਰਖਿਆਂ ਦੇ ਪਿੰਡ 'ਧੰਮ' ਜੋ 'ਧੰਮ ਬਾਦਸ਼ਾਹਪੁਰ' ਕਰਕੇ ਵਧੇਰੇ ਜਾਣਿਆਂ ਜਾਂਦਾ ਹੈ, ਵਿਖੇ ਵੀ ਲੈ ਕੇ ਗਏ। ਉੱਥੇ ਉਸ ਨੇ ਆਪਣੇ ਪੁਰਖਿਆਂ ਦੀ ਵਾਹੀ-ਖੇਤੀ ਵਾਲੀ ਜ਼ਮੀਨ ਦੀ ਮਿੱਟੀ ਖੁੱਲ੍ਹੇ ਮੂੰਹ ਵਾਲੀ ਇਕ ਸ਼ੀਸ਼ੀ ਵਿਚ ਪਾ ਕੇ ਲਿਆਦੀ ਅਤੇ ਇਕ ਬੋਤਲ ਵਿਚ ਪਿੰਡ ਦੇ ਨਲਕੇ ਦਾ ਪਾਣੀ ਵੀ ਭਰ ਲਿਆ। ਉਹ ਬੜੇ ਚਾਅ ਨਾਲ ਸਾਡੇ ਪਿੰਡ ਰਹਿ ਰਹੇ ਸਨ ਕਿ ਇਕ ਦਿਨ ਅਚਾਨਕ ਹੀ ਮੁਹੰਮਦ ਅਨਵਰ ਦੀ ਤਬੀਅਤ ਖ਼ਰਾਬ ਹੋ ਗਈ। ਮੌਕੇ 'ਤੇ ਡਾਕਟਰੀ ਇਲਾਜ ਕਰਵਾਉਣ ਦੇ ਬਾਵਜੂਦ ਉਹ ਅੱਲਾ ਨੂੰ ਪਿਆਰੇ ਹੋ ਗਏ। ਜ਼ਹੂਰ ਹੁਸੈਨ ਨੇ ਸਾਨੂੰ ਮਗਰੋਂ ਦੱਸਿਆ ਕਿ ਉਹ ਸ਼ੂਗਰ ਦੇ ਮਰੀਜ਼ ਸਨ ਅਤੇ ਇਸ ਦੀ ਦਵਾਈ ਖਾਣ ਵਿਚ ਅਕਸਰ ਅਣਗਹਿਲੀ ਕਰ ਜਾਂਦੇ ਸਨ। ਡਾਕਟਰਾਂ ਨੇ ਉਨ੍ਹਾਂ ਦੀ ਮੌਤ ਦਾ ਕਾਰਨ ਹਾਰਟ-ਅਟੈਕ ਦੱਸਿਆ ਜੋ ਉਨ੍ਹਾਂ ਅਨੁਸ-ਾਰ ਬਲੱਡ-ਪਰੈੱਸ਼ਰ ਵੱਧਣ ਜਾਂ ਘਟਣ ਕਾਰਨ ਹੋਈ ਹੋਵੇਗੀ। ਬੜੀਆ ਹੀ ਮੁਸ਼ਕਲਾਂ ਵਿਚੋਂ ਗੁਜ਼ਰਦਿਆ ਹੋਇਆ ਉਨ੍ਹਾਂ ਦੇ ਮਿਰਤਕ ਸਰੀਰ ਨੂੰ ਵਾਹਗੇ ਦੀ ਸਰਹੱਦ ਤੋਂ ਅੱਗੇ ਪਹੁੰਚਾਇਆ ਗਿਆ ਜਿੱਥੇ ਉਸ ਦੇ ਪਰਿਵਾਰ ਦੇ ਦੋ ਮੈਂਬਰ ਲਾਹੌਰ ਵਿਚ ਆਪਣਾ ਰੇਡੀਓ ਪ੍ਰੋਗਰਾਮ ਚਲਾ ਰਹੇ ਉੱਘੇ ਸਮਾਜ-ਸੇਵਕ ਮਜ਼ਹਰ ਉਲ੍ਹਾ ਕੁਰੈਸ਼ੀ ਹੁਰਾਂ ਦੀ ਅਗਵਾਈ ਵਿਚ ਸਰਹੱਦੀ ਗੇਟ (ਪਾਕਿਸਤਾਨ ਵਾਲੇ ਪਾਸੇ) ਦੇ ਦੂਸਰੇ ਬੰਨੇ ਆਏ ਹੋਏ ਸਨ। ਹਾਰਦਿਕ ਅਫ਼ਸੋਸ ਪ੍ਰਗਟ ਕਰਦਿਆ ਹੋਇਆਂ ਉਦੋਂ ਬੜੇ ਹੀ ਦੁਖੀ ਹਿਰਦੇ ਨਾਲ ਮੁਹੰਮਦ ਅਨਵਰ ਹੁਰਾਂ ਦੀ ਮਿਰਤਕ ਦੇਹ ਦੀ ਸੌਂਪਣਾ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਨੂੰ ਕੀਤੀ ਗਈ ਸੀ। ਜ਼ਹੂਰ ਹੁਸੈਨ ਆਪਣੇ ਦੋਸਤ ਨੰਬਰਦਾਰ ਮੁਹੰਮਦ ਅਨਵਰ ਜੋ ਇਸ ਸੰਸਾਰ ਵਿਚ ਨਹੀਂ ਰਿਹਾ ਸੀ, ਉਦੋਂ ਉਸ ਦੇ ਮਿਰਤਕ ਸਰੀਰ ਨਾਲ ਆਪਣੇ ਪਿੰਡ ਵਾਪਸ ਜਾ ਰਿਹਾ ਸੀ। ਅੱਜ ਉਹ ਸਾਡੇ ਨਾਲ ਮੁਹੰਮਦ ਅਨਵਰ ਦੇ ਘਰ ਉਸ ਦੇ ਬੇਟੇ, ਨੂੰਹ ਅਤੇ ਪੋਤਰੇ ਨਾਲ ਅਫ਼ਸੋਸ ਜ਼ਾਹਿਰ ਕਰਨ ਲਈ ਜਾ ਰਿਹਾ ਸੀ। ਅਸੀਂ ਉਨ੍ਹਾਂ ਦੇ ਘਰ ਜਾ ਕੇ ਦਿਲੀ ਦੁੱਖ ਤੇ ਅਫ਼ਸੋਸ ਦਾ ਇਜ਼ਹਾਰ ਕੀਤਾ। ਪੰਦਰਾਂ-ਵੀਹ ਮਿੰਟ ਉਨ੍ਹਾਂ ਦੇ ਘਰ ਰਹੇ ਅਤੇ ਵਾਪਸ ਆਉਣ ਦੀ ਆਗਿਆ ਲਈ। ਉਨ੍ਹਾਂ ਚਾਹ ਲਈ ਸੁਲਾਹ ਮਾਰੀ ਪਰ ਅਸੀ ਜ਼ਹੂਰ ਹੁਰਾਂ ਦੇ ਘਰ ਅਜੇ ਲੰਚ ਕਰਨਾ ਸੀ।

## ਪਿੰਡ ਵਿਚ ਬਣੀ ਆਲੀਸ਼ਾਨ ਮਸਜਿਦ ਵੇਖੀ

ਜ਼ਹੂਰ ਹੁਰਾਂ ਦੇ ਘਰ ਦੇ ਸਾਹਮਣੇ ਦੂਸਰੇ ਪਾਸੇ ਇਕ ਸ਼ਾਨਦਾਰ ਮਸਜਿਦ ਬਣੀ ਸੀ। ਇਸ ਦੇ ਬਾਰੇ ਜ਼ਿਕਰ ਕਰਦਿਆ ਉਸ ਦੇ ਵੱਡੇ ਭਰਾ ਮੁਨੱਵਰ ਨੇ ਦੱਸਿਆ ਕਿ ਇਹ ਮਸਜਿਦ ਸਾਡੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ ਨੇ ਇਹ ਥਾਂ ਮੁੱਲ ਲੈ ਕੇ ਅਤੇ ਆਪਣੇ ਵੱਲੋਂ ਸਾਰਾ ਖ਼ਰਚ ਕਰਕੇ ਤਿਆਰ ਕਰਵਾਈ ਸੀ। ਉਦੋਂ ਇਹ ਕੱਚੀ ਹੁੰਦੀ ਸੀ ਅਤੇ ਬਾਅਦ ਵਿਚ ਉਸ ਨੂੰ ਢਾਹ ਕੇ ਇਹ ਪੱਕੀ ਮਸਜਿਦ ਬਣਵਾਈ ਗਈ। ਇਨ੍ਹਾਂ ਦੋਹਾਂ ਦੋਸਤਾਂ ਦੇ ਆਪਸੀ ਪ੍ਰੇਮ-ਪਿਆਰ ਅਤੇ ਭਾਈਚਾਰੇ ਦਾ ਸਬੂਤ ਪ੍ਰਤੱਖ ਦਿਖਾਈ ਦੇ ਰਿਹਾ ਸੀ। ਮੁਨੱਵਰ ਨੇ ਦੱਸਿਆ ਕਿ ਉਹ ਹਰ ਰੋਜ਼ ਇਕ ਦੂਸਰੇ ਨੂੰ ਮਿਲਦੇ ਸਨ ਅਤੇ ਸਾਡੇ ਦਾਦਾ ਜੀ ਆਪਣੇ ਦੋਸਤ ਬਹਾਰ ਦੀਨ ਦੀ ਦਰਜ਼ੀ ਦੀ ਦੁਕਾਨ 'ਤੇ ਕਈ ਕਈ ਘੰਟੇ ਬੈਠ ਕੇ ਉਨ੍ਹਾਂ ਨਾਲ ਗੱਲਾਂ-ਬਾਤਾਂ ਮਾਰਦੇ ਰਹਿੰਦੇ ਸਨ।

ਮੇਜ਼ਬਾਨ ਪਰਿਵਾਰ ਵੱਲੋਂ ਦੁਪਹਿਰ ਦਾ ਖਾਣਾ ਬੜੇ ਚਾਵਾਂ ਨਾਲ ਤਿਆਰ ਕੀਤਾ ਗਿਆ ਜੋ ਅਸੀ ਸਾਰਿਆ ਨੇ ਮਿਲ ਕੇ ਬੜੇ ਪ੍ਰੇਮ ਨਾਲ ਛਕਿਆ। ਚਿਕਨ ਦੇ ਨਾਲ ਸਾਗ ਅਤੇ ਮਾਸ਼ ਦੀ ਦਾਲ ਇਸ ਵਿਚ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਸਨ। ਸਵੀਟ ਡਿਸ਼ ਵਿਚ ਰਸ-ਮਲਾਈ ਅਤੇ ਖੀਰ ਖਾਣ ਦਾ ਆਪਣਾ ਹੀ ਮਜ਼ਾ ਸੀ। ਖਾਣਾ ਖਾਣ ਤੋਂ ਬਾਅਦ ਅਸੀਂ ਮੇਜ਼ਬਾਨ ਪਰਿਵਾਰ ਲਈ ਆਪਣੇ ਨਾਲ ਲਿਆਂਦੇ ਹੋਏ ਤੋਹਫੇ ਉਨ੍ਹਾਂ ਦੇ ਹਵਾਲੇ ਕੀਤੇ ਜਿਨ੍ਹਾਂ ਵਿਚ ਕੁਝ ਗਰਮ ਲੋਈਆਂ, ਲੇਡੀਜ਼ ਸ਼ਾਲ, ਚਵਨਪ੍ਰਾਸ਼ ਦੇ ਡੱਬੇ ਅਤੇ ਫੇਸ ਕਰੀਮ ਦੀਆਂ ਡੱਬੀਆਂ ਸਾਮਲ ਸਨ। ਚੜ੍ਹਦੇ ਪੰਜਾਬ ਤੋਂ ਆਏ ਇਹ ਤੋਹਫੇ ਵੇਖ ਕੇ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੋਈ ਅਤੇ ਇਨ੍ਹਾਂ ਦੇ ਲਈ ਉਨ੍ਹਾ ਸਾਡਾ ਸ਼ੁਕਰੀਆ ਅਦਾ ਕੀਤਾ। ਏਨੇ ਨੂੰ ਚਾਹ ਆ ਗਈ ਅਤੇ ਅਸੀ ਸਾਰਿਆ ਨੇ ਮਿਲ ਕੇ ਪੀਤੀ। ਸਾਮ ਦੇ ਛੇ ਵੱਜ ਰਹੇ ਸਨ ਅਤੇ ਕੁਝ ਕੁਝ ਹਨੇਰਾ ਹੋਣਾ ਸ਼ੁਰੂ ਹੋ ਗਿਆ ਸੀ। ਉਨ੍ਹਾਂ ਕੋਲੋਂ ਵਿਦਾਇਗੀ ਲਈ ਅਤੇ ਰਾਤ ਨੂੰ ਨੌਂ ਵਜੇ ਦੇ ਕਰੀਬ ਵਾਪਸ ਹੋਟਲ ਪਹੁੰਚੇ।

# ਹਿੰਦੁਸਤਾਨ ਦੇ ਸ਼ਬਦ ਨਾਲ ਖਿਲਵਾੜ ਹੋ ਸਕਦੈ, ਪਰ ਇਤਿਹਾਸ ਵਿੱਚ ਦਰਜ ਤੱਥਾਂ ਨਾਲ ਨਹੀਂ ਹੋਣਾ



ਜਤਿੰਦਰ ਪੰਨੂ

ਆਪਣੀਆਂ ਲਿਖਤਾਂ ਜਾਂ ਭਾਸ਼ਣਾਂ ਵਿੱਚ ਭਾਰਤ ਲਈ ਹਿੰਦੁਸਤਾਨ ਸ਼ਬਦ ਵਰਤ ਕੇ ਠੀਕ ਨਹੀਂ ਕਰਦਾ। ਮੈਂ ਫਿਰ ਵੀ ਬਦਲ ਨਹੀਂ ਸਕਿਆ। ਕਈ ਲੋਕਾਂ ਨੇ ਇਹ ਗੱਲ ਵੀ ਬਹੁਤ ਵਾਰੀ ਉਚੇਚ ਨਾਲ ਚੇਤੇ ਕਰਾਈ ਹੋਈ ਹੈ ਕਿ ਦੇਸ਼ ਦੇ ਸੰਵਿਧਾਨ ਵਿੱਚ ਇਸ ਦੇ ਸਿਰਫ ਦੋ ਨਾਂਅ ਭਾਰਤ ਤੇ ਇੰਡੀਆ ਹਨ, ਇਸ ਤੋਂ ਬਿਨਾਂ ਕੋਈ ਵੀ ਨਾਂਅ ਵਰਤਣਾ ਗਲਤ ਹੈ, ਪਰ ਮੈਂ ਉਨ੍ਹਾਂ ਦੀ ਦਲੀਲਨਾਲ ਸਹਿਮਤ ਨਹੀਂ ਹੋ ਸਕਿਆ ਅਤੇ ਅੱਜ ਵੀ ਹਿੰਦੁਸਤਾਨ ਸ਼ਬਦ ਵਰਤਦਾ ਪਿਆ ਹਾਂ। ਇਸ ਹਫਤੇ ਭਾਰਤ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਇੱਕ ਸਿੱਖ ਨੇਤਾ ਆਰ ਪੀ ਸਿੰਘ ਨੇ ਇਸ ਬਹਿਸ ਨੂੰ ਇਹ ਕਹਿ ਕੇ ਨਵਾਂ ਮੋੜ ਦੇ ਦਿੱਤਾ ਕਿ 'ਹਿੰਦੁਸਤਾਨ' ਸ਼ਬਦ ਇਸ ਦੇਸ਼ ਲਈ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਰਤਿਆ ਸੀ ਅਤੇ ਇਸ ਲਈ ਇਸ ਨਾਂਅ ਦੇ ਨਾਲ ਸਿੱਖ ਭਾਈਚਾਰੇ ਨੂੰ ਕੋਈ ਵਿਰੋਧ ਨਹੀਂ ਹੋਣਾ ਚਾਹੀਦਾ। ਉਸ ਦੀ ਦਲੀਲ ਦੇ ਹੱਕ ਅਤੇ ਵਿਰੋਧ ਵਿੱਚ ਕਈ ਲੋਕ ਏਦਾਂ ਦੀ ਬਹਿਸ ਛੇੜ ਤੁਰੇ, ਜਿਹੜੀ ਭਾਰਤ ਦਾ ਨਾਂਅ ਕਾਨੂੰਨੀ ਤੌਰ ਉੱਤੇ 'ਹਿੰਦੁਸਤਾਨ' ਲਿਖ ਦੇਣ ਜਾਂ ਇਹ ਬਹਿਸ ਹਮੇਸ਼ਾ ਲਈ ਮੁਕਾਉਣ ਵਾਸਤੇ ਸਿਰਫ ਸੰਵਿਧਾਨ ਵਿੱਚ ਲਿਖੇ ਹੋਏ ਨਾਂਵਾਂ 'ਭਾਰਤ' ਜਾਂ 'ਇੰਡੀਆ' ਦੀ ਵਰਤੋਂ ਜ਼ਰੂਰੀ ਕਰਨ ਵਾਸਤੇ ਕੁਝ ਕਦਮ ਚੁੱਕਣ ਦੀ ਮੰਗ ਤੱਕ ਪਹੁੰਚੀ ਤੇ ਫਿਰ ਹਿੰਦੂ ਅਤੇ ਗੈਰ-ਹਿੰਦੂ ਵਾਲੇ ਪਾਸੇ ਮੁੜਨ ਲੱਗ ਪਈ ਹੈ। ਹਿੰਦੂ ਪੱਖ ਦੀ ਗੱਲ ਕਰਨ ਵਾਲੇ ਕਹੀ ਜਾਂਦੇ ਹਨ ਕਿ ਇਸ ਦੇਸ਼ ਵਿੱਚ ਹਿੰਦੂ ਬਹੁ-ਗਿਣਤੀ ਹੋਣ ਕਾਰਨ ਏਥੇ ਹਿੰਦੂ-ਰਾਸ਼ਟਰ ਵਾਲਾ ਕਾਨੂੰਨ ਵੀ ਬਣ ਜਾਵੇ ਤਾਂ ਹਰਜ ਨਹੀਂ ਹੋਣਾ ਚਾਹੀਦਾ ਅਤੇ ਦੂਸਰੇ ਧਰਮ, ਖਾਸ ਕਰ ਕੇ ਇਸਲਾਮ ਅਤੇ ਈਸਾਈ ਧਰਮ ਏਥੋਂ ਦੇ ਨਹੀਂ, ਬਾਹਰੋਂ ਆਏ ਹੋਣ ਕਾਰਨ ਉਨ੍ਹਾਂ ਨੂੰ 'ਆਪਣੀ ਹੈਸੀਅਤ' ਸਮਝ ਲੈਣੀ ਚਾਹੀਦੀ ਹੈ। ਕੁਝ ਮੁਸਲਮਾਨ ਤੇ ਈਸਾਈ ਪ੍ਰਚਾਰਕ ਵੀ ਅੱਜ ਦੀ ਵੱਡੀ ਸਿਆਸੀ ਧਿਰ ਨਾਲ ਜੁੜਨ ਕਾਰਨ ਇਹੋ ਰਾਗ ਗਾਈ ਜਾਂਦੇ ਹਨ।

ਅਸੀਂ ਇਸ ਸਾਰੇ ਕੁਝ ਨੂੰ ਬੇਲੋੜੀ ਬਹਿਸ ਵੀ ਮੰਨਦੇ ਹਾਂ ਅਤੇ ਇਸ ਦੇ ਓਹਲੇ ਇੱਕ ਖਾਸ ਕਿਸਮ ਦੀ ਰਾਜਨੀਤੀ ਵੀ ਸੁੰਘ ਸਕਦੇ ਹਾਂ। ਹਿੰਦੂ ਧਰਮ ਦੇ ਪੈਰੋਕਾਰ ਅੱਜ ਇਸ ਦੇਸ਼ ਵਿੱਚ ਬਾਕੀ ਧਰਮਾਂ ਵਾਲਿਆਂ ਤੋਂ ਵੱਧ ਹੀ ਨਹੀਂ, ਬਹੁਤ ਜ਼ਿਆਦਾ ਵੱਧ ਹਨ। ਬਾਕੀ ਸਾਰੇ ਧਰਮ ਮਸਾਂ ਪੰਜਵਾਂ ਹਿੱਸਾ ਬਣਦੇ ਹਨ ਅਤੇ ਇਕੱਲੇ ਹਿੰਦੂ ਅੱਸੀ ਫੀਸਦੀ ਦੇ ਕਰੀਬ ਹੋ ਜਾਂਦੇ ਹਨ, ਪਰ ਇਹ ਗੱਲ ਭੁਲਾ ਦਿੱਤੀ ਜਾਂਦੀ ਹੈ ਕਿ ਜਿਸ ਭਾਰਤ ਵਿੱਚ ਹਿੰਦੂਤੱਵ ਦੀ ਗੱਲ ਚੱਲਦੀ ਹੈ, ਸੰਵਿਧਾਨ ਵਿੱਚ ਉਸ ਦੇਸ਼ ਲਈ ਲਿਖੇ ਦੋਵੇਂ ਨਾਂਅ ਕਿਸੇ ਵਿਸ਼ੇਸ਼ ਧਰਮ ਦੇ ਪ੍ਰਤੀਕ ਨਹੀਂ। ਭਾਰਤ ਪੁਰਾਤਨ ਸਮਿਆਂ ਤੋਂ ਕਈ ਵੱਖ-ਵੱਖ ਨਾਂਵਾਂ ਨਾਲ ਜਾਣਿਆ ਗਿਆਹੈ। ਸਾਡੀ ਸਮਝ ਮੁਤਾਬਕ ਚਾਣਕੀਆ ਦੇ 'ਅਰਥ ਸ਼ਾਸਤਰ' ਵਿੱਚ ਭਾਰਤ ਨੂੰ 'ਜੰਬੋ ਦੀਪ' ਕਿਹਾ ਗਿਆ ਸੀ, ਉਹ ਈਸਾ ਤੋਂ ਦੋ ਸਦੀਆਂ ਪਹਿਲਾਂ ਹੋਏ ਸਨ। ਮੈਗਸਥਨੀਜ਼ ਨੇ ਇਸ ਨੂੰ 'ਇੰਡੀਆ' ਲਿਖ ਦਿੱਤਾ ਅਤੇ ਇਹ ਕੰਮ ਉਸ ਨੇ ਈਸਾ ਤੋਂ ਤਿੰਨ ਸਦੀਆਂ ਪਹਿਲਾਂ ਕਰ ਦਿੱਤਾ ਸੀ। ਈਸਾ ਤੋਂ ਕਈ ਸਦੀਆਂ ਪਹਿਲਾਂ ਦਾ ਵਿਸ਼ਨੂੰ ਪੁਰਾਣ ਇਸ ਦੇਸ਼ ਦਾ ਨਾਂਅ 'ਭਾਰਤ' ਜਾਂ 'ਭਾਰਤਮ' ਲਿਖਦਾ ਹੈ। ਦਸਵੀਂ ਸਦੀ ਵਿੱਚ ਹੋਏ ਅਲ ਮਸੂਦੀ ਨੇ ਇਸ ਦੇਸ਼ ਦਾ ਨਾਂਅ 'ਅਲ ਹਿੰਦੀ' ਲਿਖ ਦਿੱਤਾ ਅਤੇ ਤੇਰ੍ਹਵੀ ਸਦੀ ਵਿੱਚ ਹਸਨ ਨਿਜ਼ਾਮੀ ਨੇ ਇਸ ਨੂੰ 'ਹਿੰਦ' ਲਿਖਿਆ ਸੀ। ਇਸ ਤੋਂ ਪਹਿਲਾਂ ਕਿਸੇ ਅਣਪਛਾਤੇ ਲੇਖਕ ਦੀ ਇੱਕ ਲਿਖਤ 'ਹੁਦੂਦ-ਅਲ-ਆਲਮ' ਵਿੱਚ ਇਸ ਨੂੰ 'ਹਿੰਦਿਸਤਾਨ' ਲਿਖਿਆ ਗਿਆ ਹੋਣ ਦੇ ਸਬੂਤ ਵੀ ਮਿਲਣਗੇ ਅਤੇ ਕਈ ਹੋਰ ਨਾਂਅ ਵੀ ਇਸੇ ਦੇਸ਼ ਨਾਲ ਜੁੜੇ ਮਿਲ ਜਾਣਗੇ।

ਜ਼ੋਰੋਸਟਰੇਨੀਅਨਿਜ਼ਮ ਨਾਲ ਜੁੜੇ ਹੋਏ ਇੱਕ ਵਿਦਵਾਨ ਨੇ ਈਸਾ ਤੋਂ ਸੱਤ-ਅੱਠ ਸੌ ਸਾਲ ਪਹਿਲਾਂ ਇੱਕ ਸ਼ਬਦ 'ਹਾਪਤਾ ਹੇਂਦੂ' ਵਰਤਿਆ ਸੀ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਵੀ ਭਾਰਤ ਜਾਂ ਪੰਜਾਬ ਅਤੇ ਕਾਬਲ ਤੱਕ ਦੇ ਵਸਨੀਕਾਂ ਲਈ ਵਰਤਿਆ ਗਿਆ ਸੀ।

ਭਾਜਪਾ ਆਗੂ ਆਰ ਪੀ ਸਿੰਘ ਨੇ ਜਿਹੜੀ ਗੱਲ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕਹੀ ਹੈ, ਇਹ ਸਿਰਫ ਇਸ ਹੱਦ ਤੱਕ ਠੀਕ ਹੈ ਕਿ ਗੁਰੂ ਸਾਹਿਬ ਨੇ ਸਚਮੁੱਚ ਗੁਰਬਾਣੀ ਵਿੱਚ ਦੋ ਥਾਂਵਾਂ ਉੱਤੇ 'ਹਿੰਦੁਸਤਾਨ' ਸ਼ਬਦ ਵਰਤਿਆ ਹੈ। ਪਹਿਲੀ ਥਾਂ ਉਨ੍ਹਾਂ ਨੇ 'ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ' ਅਤੇ ਦੂਸਰੀ ਥਾਂ 'ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ' ਵਜੋਂ ਇਸ ਦਾ ਜ਼ਿਕਰ ਕੀਤਾ ਹੈ। ਇਸ ਪੱਖੋਂ ਹਰ ਸਿੱਖ ਅਤੇ ਹਰ ਪੰਜਾਬੀ ਵੀ ਇਸ ਸ਼ਬਦ ਨੂੰ ਇੱਕ ਖਾਸ ਥਾਂ ਦੇ ਸਕਦਾ ਹੈ ਅਤੇ ਦੇਂਦਾ ਵੀ ਹੈ, ਪਰ ਜਿਵੇਂ ਅਸੀਂ ਇਸ ਬਾਰੇ ਉੱਪਰ ਲਿਖਿਆ ਹੈ, ਇਹ ਸ਼ਬਦ ਗੁਰੂ ਸਾਹਿਬ ਤੋਂ ਚੋਖਾ ਪਹਿਲਾਂ ਪ੍ਰਚੱਲਤ ਹੋ ਚੁੱਕਾ ਹੋਣ ਦੇ ਕੁਝ ਪ੍ਰਮਾਣ ਵੀ ਮਿਲਦੇ ਹਨ। ਸਿਰਫ ਇਹੀ ਸਾਬਤ ਨਹੀਂ ਹੁੰਦਾ ਕਿ ਹਿੰਦੁਸਤਾਨ ਸ਼ਬਦ ਪਹਿਲਾਂ ਤੋਂ ਪ੍ਰਚੱਲਤ ਹੋ ਚੁੱਕਾ ਸੀ, ਸਗੋਂ ਇਸ ਤੋਂ ਹਿੰਦੂ ਸ਼ਬਦ ਦੀ ਉਤਪਤੀ ਦਾ ਪਤਾ ਵੀ ਲੱਗਦਾ ਹੈ ਕਿ ਇਹ ਸ਼ਬਦ ਭਾਰਤ ਨਾਂਅ ਨਾਲ ਚੱਲਦੇ ਆਏ ਇਸ ਦੇਸ਼ ਵਿੱਚ ਇਸ ਦੇ ਅੰਦਰੋਂ ਪੈਦਾ ਨਹੀਂ ਸੀ ਹੋਇਆ, ਜਿਨ੍ਹਾਂ ਲੋਕਾਂ ਬਾਰੇ ਕਿਹਾ ਜਾਂਦਾ ਹੈ ਕਿ ਬਾਹਰੋਂ ਆਏ ਸਨ, ਸ਼ਬਦ ਹਿੰਦੂ ਸਭ ਤੋਂ ਪਹਿਲਾਂ ਉਨ੍ਹਾਂ ਨੇ ਵਰਤਿਆ ਸੀ। ਜਦੋਂ ਇਹ ਸ਼ਬਦ ਪ੍ਰਚੱਲਤ ਹੋ ਗਿਆ ਤਾਂ ਸਾਡੇ ਆਜ਼ਾਦੀ ਲਹਿਰ ਦੇ ਮਹਾਨ ਗ਼ਦਰੀ ਬਾਬਿਆਂ ਨੇ ਵੀ ਵਰਤਿਆ ਸੀ ਅਤੇ ਉਨ੍ਹਾਂ ਦੇ ਅਖਬਾਰ 'ਗ਼ਦਰ' ਵਿੱਚ ਵੀ ਇਹੋ ਚੱਲਦਾ ਸੀ ਅਤੇ 'ਹਿੰਦੀ' ਜਾਂ 'ਹਿੰਦੀਉ' ਸ਼ਬਦ ਸਿਰਫ ਹਿੰਦੂ ਧਰਮ ਵਾਲਿਆਂ ਲਈ ਵਰਤਣ ਦੀ ਥਾਂ ਸਾਰੇ ਹਿੰਦੁਸਤਾਨੀ ਜਾਂ ਭਾਰਤੀ ਲੋਕਾਂ ਲਈ ਵਰਤਿਆ ਜਾਂਦਾ ਸੀ। ਅਲਾਮਾ ਇਕਬਾਲ ਜਦੋਂ ਆਜ਼ਾਦੀ ਲਹਿਰ ਦੀ ਮੁੱਖ ਧਾਰਾ ਵਿੱਚ ਹੁੰਦਾ ਸੀ, ਉਸ ਨੇ ਵੀ ਇਸੇ ਤਰ੍ਹਾਂ 'ਤਰਾਨਾ-ਇ-ਹਿੰਦੀ' ਲਿਖਿਆ ਅਤੇ ਕਿਹਾ ਸੀ ਕਿ 'ਸਾਰੇ ਜਹਾਂ ਸੇ ਅੱਛਾ, ਹਿੰਦੁਸਤਾਂ ਹਮਾਰਾ', ਪਿੱਛੋਂਜਦੋਂ ਉਹ ਮੁੱਖ ਧਾਰਾ ਤੋਂ ਟੁੱਟ ਗਿਆ ਤਾਂ ਉਸ ਨੇ 'ਤਰਾਨਾ-ਇ-ਮਿਲੀ' ਵਿੱਚ 'ਮੁਸਲਿਮ ਹੈਂ ਹਮ ਵਤਨ ਹੈ, ਸਾਰਾ ਜਹਾਂ ਹਮਾਰਾ' ਲਿਖ ਦਿੱਤਾ ਸੀ। ਜਿੱਦਾਂ ਇਕਬਾਲ ਪੁਰਾਣੇ 'ਹਿੰਦੀ' ਸ਼ਬਦ ਨੂੰ ਛੱਡ ਕੇ ਇੱਕ ਵਿਸ਼ੇਸ਼ ਧਰਮ ਨਾਲ ਜਾ ਜੁੜਿਆ ਸੀ, ਫੈਜ਼ ਅਹਿਮਦ ਫੈਜ਼ ਵਰਗੇ ਹੋਰ ਸ਼ਾਇਰਾਂ ਨੇ ਏਦਾਂ ਨਹੀਂ ਸੀ ਕੀਤਾ।

ਦੂਸਰਾ ਪੱਖ ਇਹ ਹੈ ਕਿ ਜਿਵੇਂ ਇਕਬਾਲ ਸਾਂਝੇ ਸ਼ਬਦ 'ਹਿੰਦੀ' ਅਤੇ 'ਹਿੰਦੁਸਤਾਂ' ਦੀ ਥਾਂ ਇੱਕ ਧਿਰ ਵੱਲੋਂ ਬੋਲ ਕੇ ਖੁਸ਼ ਹੋ ਗਿਆ ਹੋਵੇਗਾ, ਉਸੇ ਤਰ੍ਹਾਂ ਅੱਜ ਕੁਝ ਲੋਕ 'ਹਿੰਦੀ' ਅਤੇ 'ਹਿੰਦੁਸਤਾਨ' ਨੂੰ ਹਿੰਦੂ ਧਰਮ ਜਾਂ ਭਾਈਚਾਰੇ ਨਾਲ ਜੋੜਨ ਦਾ ਕੰਮ ਕਰਦੇ ਹਨ। ਇਕਬਾਲ ਵੀ ਠੀਕ ਨਹੀਂ ਸੀ ਤੇ ਇਹ ਵੀ ਠੀਕ ਨਹੀਂ ਕਰਦੇ। ਇਤਿਹਾਸ ਵਿੱਚ ਕਈ ਨਾਂਵਾਂ ਨਾਲ ਜਾਣਿਆ ਜਾਂਦਾ ਰਿਹਾ ਭਾਰਤ ਅੱਜ ਦੇ 'ਹਿੰਦੂ' ਜਾਂ 'ਹਿੰਦੂਤੱਵ' ਵਾਲੇ ਅਰਥਾਂ ਵਾਲਾ ਨਹੀਂ ਸੀ। ਅੱਜ ਦੇ ਸੰਵਿਧਾਨ ਵਿੱਚ ਇਸ ਦਾ ਨਾਂਅ 'ਇੰਡੀਆ, ਆਲਸੋ ਨੋਨ ਐਜ਼ ਭਾਰਤ' ਲਿਖਿਆ ਹੈ, ਪਰ ਇਸ ਦਾ ਇਹ ਅਰਥ ਨਹੀਂ ਕਿ ਇਸ ਤੋਂ ਇਲਾਵਾ ਲੋਕ-ਧਾਰਾ ਵਿੱਚ ਬੀਤੇ ਸਮੇਂ ਵਿੱਚ ਚੱਲਦੇ ਰਹੇ ਜਾਂ ਅੱਜ ਵੀ ਚੱਲਦੇ ਬਾਕੀ ਨਾਂਅ ਗਲਤ ਸਨ, ਸਗੋਂ ਭਾਰਤ ਦੀ ਰਿਵਾਇਤ ਦੀ ਖਾਸੀਅਤ ਹੈ ਕਿ ਉਹ ਨਾਂਅ ਅਜੇ ਤੱਕ ਲੋਕ-ਧਾਰਾ ਸੰਭਾਲ ਕੇ ਚੱਲ ਰਹੀ ਹੈ। ਜਿੰਨੇ ਕੁ ਨਾਂਵਾਂ ਦਾ ਜ਼ਿਕਰ ਅਸੀਂ ਉੱਪਰ ਕੀਤਾ ਹੈ, ਉਨ੍ਹਾਂ ਤੋਂ ਬਿਨਾਂ ਵੀ ਕਈ ਨਾਂਅ ਇਸ ਲਈ ਵਰਤੇ ਗਏ ਹਨ।ਪੁਰਾਣੇ ਸਮੇਂ ਵਿੱਚ ਬੁੱਧ ਧਰਮ ਦੇ ਪੈਰੋਕਾਰ ਆਪਣੀ ਤਿੱਬਤੀ ਬੋਲੀ ਮੁਤਾਬਕ ਇਸ 'ਗਯਾਗਰ' ਜਾਂ 'ਫਾਗਿਯੂਲ' ਵੀ ਕਹਿੰਦੇ ਰਹੇ ਹਨ। ਜਿਸ ਤਰ੍ਹਾਂ ਯੂਰਪ ਤੋਂ ਆਇਆਂ ਨੇ ਇਸ ਦਾ ਨਾਂਅ 'ਇੰਡੀਆ' ਰੱਖ ਲਿਆ ਸੀ, ਜਾਪਾਨ ਜਾਂ ਚੀਨ ਦੇ ਲੋਕ ਇਸ ਨੂੰ ਆਪਣੀ ਬੋਲੀ ਮੁਤਾਬਕ 'ਤਿਆਂਗਜ਼ੂ' ਕਹਿੰਦੇ ਰਹੇ ਸਨ। ਭਾਰਤ ਵਿੱਚ ਉਨ੍ਹਾਂ ਦੇ ਪੈਰ ਪੱਕੇ ਨਹੀਂ ਸੀ ਲੱਗ ਸਕੇ ਤੇ ਇਹ ਨਾਂਅ ਪ੍ਰਚੱਲਤ ਨਹੀਂ ਸਨ ਹੋ ਸਕੇ, ਪਰ ਅਰਬ ਦੇਸ਼ਾਂ ਤੋਂ ਆਇਆਂ ਦਾ ਰੱਖਿਆ 'ਹਿੰਦੁਸਤਾਨ' ਪੱਕਾ ਹੋ ਗਿਆ ਤੇ ਫਿਰ ਲੰਮਾ ਸਮਾਂ ਰਾਜ ਕਰ ਚੁੱਕੇ ਬ੍ਰਿਟੇਨ ਵਾਲਿਆਂ ਦੀ ਵਿਰਾਸਤ ਸਾਂਭਣ ਵਾਲਿਆਂ ਨੇ ਇਸ ਵਿੱਚ 'ਇੰਡੀਆ' ਵੀ ਸ਼ਾਮਲ ਕਰ ਲਿਆ। ਅਜੋਕੇ ਭਾਰਤ ਵਿੱਚ 'ਇੰਡੀਆ' ਸ਼ਬਦ ਦਾ ਕੋਈ ਖਾਸ ਵਿਰੋਧ ਹੁੰਦਾ ਨਹੀਂ ਦਿੱਸਦਾ, 'ਹਿੰਦੁਸਤਾਨ' ਦਾ ਇਸ ਲਈ ਹੁੰਦਾ ਪਿਆ ਹੈ ਕਿ ਇੱਕ ਖਾਸ ਰਾਜਸੀ ਧਿਰ ਇਸ ਨੂੰ ਦੇਸ਼ ਦੀ ਬਹੁ-ਗਿਣਤੀ ਉੱਤੇ ਆਧਾਰਤ ਆਪਣੀ ਰਾਜਨੀਤੀ ਤੇ ਆਪਣੇ ਧਾਰਮਿਕ ਵਿਸ਼ਵਾਸਾਂ ਦੇ ਹੱਕ ਤੱਕ ਸੀਮਤ ਕਰਨ ਲੱਗ ਪਈ ਹੈ। ਹਰ ਗੱਲ ਦਾ ਪ੍ਰਤੀਕਰਮ (ਐਕਸ਼ਨ ਦਾ ਰਿਐਕਸ਼ਨ) ਹੋਣ ਬਾਰੇ ਸਭ ਲੋਕ ਜਾਣਦੇ ਹਨ, ਇੱਕ ਖਾਸ ਧਿਰ ਵੱਲੋਂ ਉਭਾਰੀ ਜਾਂਦੀ ਸੋਚ ਕਾਰਨ ਦੂਸਰੀਆਂ ਧਿਰਾਂ ਵੀ ਸ਼ਬਦ 'ਹਿੰਦੁਸਤਾਨ' ਦੇ ਨਾਲ ਕੌੜ ਮਨਾਉਣ ਲੱਗਦੀਆਂ ਹਨ, ਪਰ ਇਤਿਹਾਸ ਨੇ ਇਤਿਹਾਸ ਹੀ ਰਹਿਣਾ ਹੈ, ਚਾਰ ਸ਼ਹਿਰਾਂ ਦੇ ਨਾਂਅ ਬਦਲਣ ਨਾਲ ਦੇਸ਼ ਜਾਂ ਦੁਨੀਆ ਦੇ ਸਦੀਆਂ ਦੇ ਇਤਿਹਾਸ ਵਿੱਚ ਦਰਜ ਹੋ ਚੁੱਕੇ ਤੱਥ ਨਾ ਬਦਲ ਸਕਦੇ ਹਨ, ਨਾ ਬਦਲ ਹੀ ਸਕਣੇ ਹਨ।

# ਸੰਸਕਾਰਧਨੀ ਸਾਖ ਦੇ ਨੁਕਸਾਨ ਵਿੱਚ ਸਬੂਤ ਹੋਣੀ ਚਾਹੀਦੀ ਹੈ

ਭਾਰਤ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਮਾਣਹਾਨੀ ਦੇ ਮਾਮਲੇ ਵਧੇ ਹਨ। ਮਾਮੂਲੀ ਆਧਾਰ 'ਤੇ, ਸਰਕਾਰੀ ਨੇਤਾ ਇਕ-ਦੂਜੇ ਵਿਰੁੱਧ ਮਾਣਹਾਨੀ ਦੇ ਮੁਕੱਦਮੇ ਦਾਇਰ ਕਰਦੇ ਹਨ, ਜਿਸ ਤੋਂ ਬਾਅਦ ਅੰਤਰ-ਮਾਨਹਾਨੀ ਦੇ ਮੁਕੱਦਮੇ ਦਰਜ ਹੁੰਦੇ ਹਨ। ਅਰਵਿੰਦ ਕੇਜਰੀਵਾਲ, ਰਾਹੁਲ ਗਾਂਧੀ ਅਤੇ ਸਮ੍ਰਿਤੀ ਇਰਾਨੀ ਵਰਗੇ ਨੇਤਾਵਾਂ ਖਿਲਾਫ ਕਈ ਮਾਮਲੇ ਦਰਜ ਹਨ। ਇਸ ਨੇ ਭਾਰਤ ਦੇ ਮਾਣਹਾਨੀ ਕਾਨੂੰਨਾਂ 'ਤੇ ਮੁੜ ਵਿਚਾਰ ਕਰਨ ਦੀ ਲੋੜ ਨੂੰ ਉਜਾਗਰ ਕਰਦੇ ਹੋਏ ਮੀਡੀਆ ਵਿੱਚ ਬਹਿਸ ਛੇੜ ਦਿੱਤੀ ਹੈ। ਮਾਣਹਾਨੀ ਕਾਨੂੰਨ ਦਾ ਉਦੇਸ਼ ਲੋਕਾਂ ਦੀ ਸਾਖ ਦੀ ਰੱਖਿਆ ਕਰਨਾ ਹੈ। ਇਸ ਦਾ ਕੇਂਦਰੀ ਮੁੱਦਾ ਇਹ ਹੈ ਕਿ ਇਸ ਟੀਚੇ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀਆਂ ਵਿਰੋਧੀ ਮੰਗਾਂ ਨਾਲ ਕਿਵੇਂ ਸੰਤੁਲਿਤ ਕੀਤਾ ਜਾਵੇ। ਕਿਉਂਕਿ ਇਹ ਦੋਵੇਂ ਰੁਚੀਆਂ ਸਾਡੇ ਸਮਾਜ ਵਿੱਚ ਬਹੁਤ ਜ਼ਿਆਦਾ ਮੰਨੀਆਂ ਜਾਂਦੀਆਂ ਹਨ, ਪਹਿਲਾਂ ਸ਼ਾਇਦ ਸਭਿਅਕ ਮਨੁੱਖਾਂ ਦਾ ਸਭ ਤੋਂ ਪਿਆਰਾ ਗੁਣ ਹੈ, ਅਤੇ ਬਾਅਦ ਵਾਲਾ ਇੱਕ ਲੋਕਤੰਤਰੀ ਸਮਾਜ ਦਾ ਅਧਾਰ ਹੈ।

– ਡਾ: ਸਤਿਆਵਾਨ

ਮਾਣਹਾਨੀ ਦਾ ਮਤਲਬ ਹੈ ਕਿਸੇ ਵਿਅਕਤੀ ਦੀ ਸਾਖ ਨੂੰ ਠੇਸ ਪਹੁੰਚਾਉਣਾ ਜਾਂ ਨੁਕਸਾਨ ਪਹੁੰਚਾਉਣਾ। ਮਾਣਹਾਨੀ ਸ਼ਬਦ ਲਾਤੀਨੀ ਸ਼ਬਦ ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ ਕਿਸੇ ਵਿਅਕਤੀ ਬਾਰੇ ਜਾਣਕਾਰੀ ਪ੍ਰਸਾਰਿਤ ਕਰਨਾ ਜਾਂ ਫੈਲਾਉਣਾ ਜੋ ਉਸ ਵਿਅਕਤੀ ਦੀ ਸਾਖ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਲਈ, ਮਾਣਹਾਨੀ ਕਿਸੇ ਦੀ ਸਾਖ ਨੂੰ ਠੇਸ ਪਹੁੰਚਾਉਣ ਤੋਂ ਇਲਾਵਾ ਕੁਝ ਨਹੀਂ ਹੈ। ਮਾਣਹਾਨੀ ਇੱਕ ਸਿਵਲ ਅਤੇ ਫੌਜਦਾਰੀ ਅਪਰਾਧ ਹੈ। ਮਾਣਹਾਨੀ ਦਾ ਫੌਜਦਾਰੀ ਕਾਨੂੰਨ ਕੋਡਬੱਧ ਹੈ, ਪਰ ਮਾਣਹਾਨੀ ਦਾ ਸਿਵਲ ਕਾਨੂੰਨ ਨਹੀਂ ਹੈ। ਦੀਵਾਨੀ ਕਾਨੂੰਨ ਵਿੱਚ, ਮਾਣਹਾਨੀ ਨੂੰ ਟਾਰਟ ਕਾਨੂੰਨ ਦੁਆਰਾ ਕਵਰ ਕੀਤਾ ਜਾਂਦਾ ਹੈ, ਪਰ ਫੌਜਦਾਰੀ ਕਾਨੂੰਨ ਵਿੱਚ, ਇਹ ਭਾਰਤੀ ਦੰਡਾਵਲੀ, 1860 ਦੀਆਂ ਧਾਰਾਵਾਂ 499 ਤੋਂ 502 ਦੁਆਰਾ ਕਵਰ ਕੀਤਾ ਜਾਂਦਾ ਹੈ। ਆਈਪੀਸੀ ਦੀ ਧਾਰਾ 500 ਦੇ ਅਨੁਸਾਰ, ਮਾਣਹਾਨੀ ਲਈ ਦੋ ਸਾਲ ਤੱਕ ਦੀ ਕੈਦ ਜਾਂ ਜੁਰਮਾਨੇ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਭਾਰਤ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਮਾਣਹਾਨੀ ਦੇ ਮਾਮਲੇ ਵਧੇ ਹਨ। ਮਾਮੂਲੀ ਆਧਾਰ 'ਤੇ, ਸਰਕਾਰੀ ਨੇਤਾ ਇਕ-ਦੂਜੇ ਵਿਰੁੱਧ ਮਾਣਹਾਨੀ ਦੇ ਮੁਕੱਦਮੇ ਦਾਇਰ ਕਰਦੇ ਹਨ, ਜਿਸ ਤੋਂ ਬਾਅਦ ਅੰਤਰ-ਮਾਨਹਾਨੀ ਦੇ ਮੁਕੱਦਮੇ ਦਰਜ ਹੁੰਦੇ ਹਨ। ਅਰਵਿੰਦ ਕੇਜਰੀਵਾਲ, ਰਾਹੁਲ ਗਾਂਧੀ ਅਤੇ ਸਮ੍ਰਿਤੀ ਇਰਾਨੀ ਵਰਗੇ ਨੇਤਾਵਾਂ ਖਿਲਾਫ ਕਈ ਮਾਮਲੇ ਦਰਜ ਹਨ। ਇਸ ਨੇ ਭਾਰਤ ਦੇ ਮਾਣਹਾਨੀ ਕਾਨੂੰਨਾਂ 'ਤੇ ਮੁੜ ਵਿਚਾਰ ਕਰਨ ਦੀ ਲੋੜ ਨੂੰ ਉਜਾਗਰ ਕਰਦੇ ਹੋਏ ਮੀਡੀਆ ਵਿੱਚ ਬਹਿਸ ਛੇੜ ਦਿੱਤੀ ਹੈ। ਜ਼ਿਆਦਾਤਰ ਦੇਸ਼ਾਂ ਵਿੱਚ ਮਾਣਹਾਨੀ ਕਾਨੂੰਨਾਂ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ, ਪਰ ਭਾਰਤ ਦੇ ਕਾਨੂੰਨ ਸਭ ਤੋਂ ਭੈੜੇ ਹਨ। ਨਾ ਸਿਰਫ ਉਹ ਅਸਪਸ਼ਟ ਹਨ, ਉਹ ਮਾਣਹਾਨੀ ਨੂੰ ਅਪਰਾਧਿਕ ਅਪਰਾਧ ਬਣਾਉਣ ਲਈ ਵਾਧੂ ਕਦਮ ਚੁੱਕਦੇ ਹਨ।

ਇਹ ਸਿਰਫ ਇਸ ਤੱਥ ਦੁਆਰਾ ਬਦਤਰ ਬਣਾਇਆ ਗਿਆ ਹੈ ਕਿ ਮੌਜੂਦਾ ਕਾਨੂੰਨੀ ਪ੍ਰਣਾਲੀ ਇੰਨੀ ਟੁੱਟ ਗਈ ਹੈ ਕਿ ਦੌਲਤ ਵਾਲੇ ਲੋਕਾਂ ਨੂੰ ਆਲੋਚਕਾਂ ਨੂੰ ਡਰਾਉਣ ਲਈ ਮਾਣਹਾਨੀ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਹਾਲਾਂਕਿ ਸਾਖ ਦੇ ਅਧਿਕਾਰ ਨੂੰ ਸੰਵਿਧਾਨ ਦੁਆਰਾ ਸੁਰੱਖਿਅਤ ਕੀਤਾ ਜਾ ਸਕਦਾ ਹੈ, ਪਰ ਇਹ ਪ੍ਰਗਟਾਵੇ ਦੀ ਆਜ਼ਾਦੀ ਦੀ ਕੀਮਤ 'ਤੇ ਨਹੀਂ ਹੋਣਾ ਚਾਹੀਦਾ ਹੈ। ਬੋਲਣ ਦੀ ਆਜ਼ਾਦੀ ਜ਼ਰੂਰੀ ਹੈ ਕਿਉਂਕਿ, ਹੋਰ ਚੀਜ਼ਾਂ ਦੇ ਨਾਲ, ਇਹ ਮੀਡੀਆ ਨੂੰ ਸਰਕਾਰ ਅਤੇ ਵਿਅਕਤੀਆਂ ਨੂੰ ਜਵਾਬਦੇਹ ਬਣਾਉਣ ਦੇ ਯੋਗ ਬਣਾਉਂਦਾ ਹੈ। ਬੋਲਣ ਦੀ ਆਜ਼ਾਦੀ ਨੂੰ ਵਾਜਬ ਸੀਮਾਵਾਂ ਦੇ ਅੰਦਰ ਬੇਇੱਜ਼ਤੀ ਕਰਨ ਦੇ ਅਧਿਕਾਰ ਦੀ ਰੱਖਿਆ ਕਰਨੀ ਚਾਹੀਦੀ ਹੈ, ਯਾਨੀ ਕਿ ਅਮੀਰ ਅਤੇ ਤਾਕਤਵਰ ਦੀ ਜਾਇਜ਼ ਤੌਰ 'ਤੇ ਆਲੋਚਨਾ ਕਰਨ ਦੇ. ਇੰਡੀਅਨ ਪੀਨਲ ਕੋਡ 1860 ਮਾਣਹਾਨੀ ਨੂੰ ਅਪਰਾਧਿਕ ਅਪਰਾਧ ਵਜੋਂ ਸੂਚੀਬੱਧ ਕਰਦਾ ਹੈ, ਇਸ ਨੂੰ ਜੁਰਮਾਨਾ ਜਾਂ ਕੈਦ ਜਾਂ ਦੋਵਾਂ ਦੁਆਰਾ ਸਜ਼ਾਯੋਗ ਬਣਾਉਂਦਾ ਹੈ। ਇਸ ਸਮੱਸਿਆ ਦੇ ਕਈ ਕਾਰਨ ਹਨ। ਗ੍ਰਿਫਤਾਰ ਕੀਤੇ ਜਾਣ ਦਾ ਕਲੰਕ ਹੈ ਅਤੇ ਇੱਕ ਅਪਰਾਧ ਦਾ ਦੋਸ਼ ਹੈ. ਇਹ ਤੱਥ ਕਿ ਇਸ ਨੂੰ ਉਸ ਸਮੇਂ ਅਪਰਾਧ ਬਣਾਇਆ ਗਿਆ ਸੀ ਜਦੋਂ ਕਿਸੇ ਦੀ ਸਾਖ ਬਚਾਉਣ ਲਈ ਲੜਨਾ ਆਮ ਗੱਲ ਸੀ। ਇਹ ਤੱਥ ਕਿ ਆਈਪੀਸੀ ਵਿਅੰਗਾਤਮਕ ਜਾਂ ਸੱਚਾਈ ਨੂੰ ਪੂਰਨ ਬਚਾਅ ਵਜੋਂ ਮਾਨਤਾ ਨਹੀਂ ਦਿੰਦੀ। ਇਹ ਤੱਥ ਕਿ ਇੱਕੋ ਸੱਟ ਲਈ ਸਿਵਲ ਅਤੇ ਅਪਰਾਧਿਕ ਦੋਨੋਂ ਉਪਚਾਰ ਹਨ, ਇੱਕ ਪਹਿਲਾਂ ਤੋਂ ਹੀ ਜ਼ਿਆਦਾ ਬੋਝ ਵਾਲੀ ਨਿਆਂਪਾਲਿਕਾ ਨੂੰ ਇੱਕੋ ਮਾਮਲੇ 'ਤੇ ਦੋ ਵਾਰ ਜਵਾਬ ਦੇਣ ਲਈ ਮਜ਼ਬੂਰ ਕਰਦੇ ਹਨ।

ਜਮਹੂਰੀ ਲੋਕਤੰਤਰ ਦੇ ਸਭ ਤੋਂ ਮਹੱਤਵਪੂਰਨ ਤੱਤਾਂ ਵਿੱਚੋਂ ਇੱਕ ਹੈ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਮੌਲਿਕ ਅਧਿਕਾਰ, ਜੋ ਲੋਕਾਂ ਨੂੰ ਦੇਸ਼ ਦੀਆਂ ਸਮਾਜਿਕ ਅਤੇ ਰਾਜਨੀਤਕ ਪ੍ਰਕਿਰਿਆਵਾਂ ਵਿੱਚ ਪੂਰੀ ਤਰ੍ਹਾਂ ਅਤੇ ਕੁਸ਼ਲਤਾ ਨਾਲ ਹਿੱਸਾ ਲੈਣ ਦੇ ਯੋਗ ਬਣਾਉਂਦਾ ਹੈ। ਬੋਲਣ ਦੀ ਆਜ਼ਾਦੀ ਲੋਕਾਂ ਨੂੰ ਆਪਣੇ ਵਿਸ਼ਵਾਸਾਂ ਅਤੇ ਰਾਜਨੀਤਿਕ ਵਿਚਾਰਾਂ ਨੂੰ ਸਾਂਝਾ ਕਰਨ ਦੀ ਆਗਿਆ ਦਿੰਦੀ ਹੈ। ਇਹ ਆਖਰਕਾਰ ਸਮਾਜ ਅਤੇ ਆਰਥਿਕਤਾ ਦੀ ਬਿਹਤਰੀ ਵੱਲ ਲੈ ਜਾਂਦਾ ਹੈ। ਸਿੱਟੇ ਵਜੋਂ, ਪ੍ਰਗਟਾਵੇ ਦੀ ਆਜ਼ਾਦੀ ਇੱਕ ਢਾਂਚਾ ਪ੍ਰਦਾਨ ਕਰਦੀ ਹੈ ਜਿਸ ਦੁਆਰਾ ਸ਼ਾਂਤੀ ਅਤੇ ਸਮਾਜਿਕ ਤਬਦੀਲੀ ਵਿਚਕਾਰ ਇੱਕ ਸਹੀ ਸੰਤੁਲਨ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ ਸਭ ਤੋਂ ਵੱਧ ਇਹ ਤੱਥ ਹੈ ਕਿ ਮਾਣਹਾਨੀ ਦਾ ਅਪਰਾਧੀਕਰਨ ਬੋਲਣ ਦੀ ਆਜ਼ਾਦੀ 'ਤੇ ਪੂਰੀ ਤਰ੍ਹਾਂ ਨਾਲ ਗੈਰ-ਵਾਜਬ ਪਾਬੰਦੀ ਹੈ, ਜਦੋਂ ਕਿ ਗਲੋਬਲ ਨਿਯਮ ਇਹ ਹੈ ਕਿ ਹਰਜਾਨੇ ਲਈ ਸਿਵਲ ਮੁਕੱਦਮਾ ਵੱਕਾਰ ਦੀ ਰੱਖਿਆ ਲਈ ਕਾਫੀ ਹੈ। ਸੁਤੰਤਰ ਭਾਸ਼ਣ 'ਤੇ ਇਹ ਬਹੁਤ ਜ਼ਿਆਦਾ ਪਾਬੰਦੀ ਸੰਵਿਧਾਨਕ ਪ੍ਰੀਖਿਆ ਨੂੰ ਅਸਫਲ ਕਰ ਦਿੰਦੀ ਹੈ ਕਿ ਅਜਿਹੀਆਂ ਪਾਬੰਦੀਆਂ "ਵਾਜਬ" ਹਨ ਅਤੇ ਸਪੱਸ਼ਟ ਤੌਰ 'ਤੇ ਖਤਮ ਹੋਣ ਦੀ ਜ਼ਰੂਰਤ ਹੈ। ਸੁਤੰਤਰ ਭਾਸ਼ਣ ਅਤੇ ਜਮਹੂਰੀ ਜਵਾਬਦੇਹੀ 'ਤੇ ਇਸਦਾ ਪ੍ਰਭਾਵ ਵਿਅਕਤੀ ਦੀ ਸਾਖ ਦੀ ਰੱਖਿਆ ਲਈ ਅਦਾ ਕਰਨ ਲਈ ਬਹੁਤ ਜ਼ਿਆਦਾ ਕੀਮਤ ਹੈ।

ਮਾਣਹਾਨੀ ਸੁਧਾਰ ਇੱਕ ਨਵੇਂ ਕਾਨੂੰਨ ਨੂੰ ਲਾਗੂ ਕਰਕੇ ਸਭ ਤੋਂ ਵਧੀਆ ਢੰਗ ਨਾਲ ਕੀਤਾ ਜਾ ਸਕਦਾ ਹੈ। ਅਜਿਹੇ ਕਾਨੂੰਨ ਨੂੰ ਮਾਣਹਾਨੀ ਨੂੰ ਅਪਰਾਧੀ ਬਣਾਉਣਾ ਚਾਹੀਦਾ ਹੈ ਅਤੇ ਇਸ ਨੂੰ ਨਿਰਪੱਖ ਅਤੇ ਪਾਰਦਰਸ਼ੀ ਬਣਾਉਣ ਲਈ ਸਿਵਲ ਮਾਨਹਾਨੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਨਵਾਂ ਕਾਨੂੰਨ ਬਣਾਉਂਦੇ ਸਮੇਂ ਇਹ ਬੇਵਕੂਫੀ ਹੋਵੇਗੀ ਜੇਕਰ ਕਾਨੂੰਨ ਮਾਨਹਾਨੀ ਦੀ ਸਜ਼ਾ ਕਿਸ ਨੂੰ ਅਤੇ ਕਿਵੇਂ ਦਿੱਤੀ ਜਾ ਸਕਦੀ ਹੈ, ਵਰਗੇ ਮੁੱਦਿਆਂ ਦਾ ਫੈਸਲਾ ਕਰਦੇ ਸਮੇਂ ਇੰਟਰਨੈੱਟ ਅਤੇ ਨਵੇਂ ਮੀਡੀਆ ਨੂੰ ਧਿਆਨ ਵਿਚ ਨਹੀਂ ਰੱਖਦਾ। ਸਿਵਲ ਮਾਣਹਾਨੀ ਲਈ ਵੀ ਸੀਮਾਵਾਂ ਨਿਰਧਾਰਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ - ਨਾ ਸਿਰਫ਼ ਸਾਖ ਨੂੰ ਨੁਕਸਾਨ ਪਹੁੰਚਾਉਣਾ ਗੰਭੀਰ ਹੋਣਾ ਚਾਹੀਦਾ ਹੈ, ਸਬੂਤ ਵੀ ਮਹੱਤਵਪੂਰਨ ਹੋਣੇ ਚਾਹੀਦੇ ਹਨ। ਸ਼ਿਕਾਇਤਕਰਤਾ ਨੂੰ ਇਹ ਦਿਖਾਉਣਾ ਚਾਹੀਦਾ ਹੈ ਕਿ ਕਥਿਤ ਬਿਆਨ ਦੇ ਸਿੱਧੇ ਨਤੀਜੇ ਵਜੋਂ ਉਸਦੀ ਸਾਖ ਨੂੰ ਨੁਕਸਾਨ ਪਹੁੰਚਿਆ ਹੈ। ਮਾਣਹਾਨੀ ਦੇ ਮੁਕੱਦਮੇ ਵਿੱਚ ਸੱਚਾਈ, ਰਾਏ ਅਤੇ ਵਾਜਬ ਅਨੁਮਾਨ ਨੂੰ ਵੀ ਵਿਹਾਰਕ ਬਚਾਅ ਕੀਤਾ ਜਾਣਾ ਚਾਹੀਦਾ ਹੈ। ਅੰਤ ਵਿੱਚ, ਅਦਾਲਤਾਂ ਨੂੰ ਫਜ਼ੂਲ ਮੁਕੱਦਮਿਆਂ ਉੱਤੇ ਮਿਸਾਲੀ ਖਰਚੇ ਲਗਾਉਣ ਦਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ ਜੋ ਉਹਨਾਂ ਦਾ ਸਮਾਂ ਬਰਬਾਦ ਕਰਦੇ ਹਨ।

ਮਾਣਹਾਨੀ ਕਾਨੂੰਨ ਦਾ ਉਦੇਸ਼ ਲੋਕਾਂ ਦੀ ਸਾਖ ਦੀ ਰੱਖਿਆ ਕਰਨਾ ਹੈ। ਇਸ ਦਾ ਕੇਂਦਰੀ ਮੁੱਦਾ ਇਹ ਹੈ ਕਿ ਇਸ ਟੀਚੇ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀਆਂ ਵਿਰੋਧੀ ਮੰਗਾਂ ਨਾਲ ਕਿਵੇਂ ਸੰਤੁਲਿਤ ਕੀਤਾ ਜਾਵੇ। ਕਿਉਂਕਿ ਇਹ ਦੋਵੇਂ ਰੁਚੀਆਂ ਸਾਡੇ ਸਮਾਜ ਵਿੱਚ ਬਹੁਤ ਜ਼ਿਆਦਾ ਮੰਨੀਆਂ ਜਾਂਦੀਆਂ ਹਨ, ਪਹਿਲਾਂ ਸ਼ਾਇਦ ਸਭਿਅਕ ਮਨੁੱਖਾਂ ਦਾ ਸਭ ਤੋਂ ਪਿਆਰਾ ਗੁਣ ਹੈ, ਅਤੇ ਬਾਅਦ ਵਾਲਾ ਇੱਕ ਲੋਕਤੰਤਰੀ ਸਮਾਜ ਦਾ ਅਧਾਰ ਹੈ। ਕਦੇ-ਕਦਾਈਂ, ਜਦੋਂ ਆਜ਼ਾਦ ਭਾਸ਼ਣ ਕਿਸੇ ਵਿਅਕਤੀ ਦੀ ਸਾਖ ਦੇ ਉਲਟ ਹੁੰਦਾ ਹੈ, ਤਾਂ ਇਹ ਰਾਜ ਲਈ ਇੱਕ ਸੀਮਾ ਨਿਰਧਾਰਤ ਕਰਨਾ ਉਚਿਤ ਹੋ ਜਾਂਦਾ ਹੈ, ਅਜਿਹਾ ਨਾ ਹੋਵੇ ਕਿ ਬੋਲਣ ਦੀ ਆਜ਼ਾਦੀ ਕੁਝ ਲੋਕਾਂ ਦੇ ਹੱਥਾਂ ਵਿੱਚ ਹਥਿਆਰ ਬਣ ਜਾਵੇ। ਇੱਕ ਅਜਿਹੀ ਪ੍ਰਣਾਲੀ ਦੀ ਸਖ਼ਤ ਲੋੜ ਹੈ ਜੋ ਲੋਕਾਂ ਨੂੰ ਸਿੱਖਿਅਤ ਅਤੇ ਜਾਗਰੂਕ ਕਰੇ ਕਿ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ, ਕੀ ਗਲਤ ਹੈ ਅਤੇ ਕੀ ਸਹੀ ਹੈ ਅਤੇ ਕੀ ਮਾਣਹਾਨੀ ਹੈ ਅਤੇ ਕੀ ਨਹੀਂ ਹੈ।

# ਬੱਚੇ ਭਾਸ਼ਾ ਅਤੇ ਗਣਿਤ ਵਿੱਚ ਕਮਜ਼ੋਰ ਹੋ ਰਹੇ ਹਨ

–ਵਿਜੈ ਗਰਗ–



ਮਨੁੱਖੀ ਜੀਵਨ ਵਿੱਚ ਸਿੱਖਿਆ ਦਾ ਬਹੁਤ ਮਹੱਤਵ ਹੈ। ਦਰਅਸਲ, ਬਿਹਤਰ ਵਿਅਕਤੀ ਬਣਾਉਣ ਅਤੇ ਉੱਜਵਲ ਕਰੀਅਰ ਬਣਾਉਣ ਲਈ ਸਹੀ ਸਿੱਖਿਆ ਦੀ ਲੋੜ ਹੁੰਦੀ ਹੈ। ਭਾਵੇਂ ਆਜ਼ਾਦੀ ਤੋਂ ਬਾਅਦ ਸਾਡੀ ਸਿੱਖਿਆ ਪ੍ਰਣਾਲੀ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ, ਪਰ ਇੱਕ ਤਾਜ਼ਾ ਸਰਵੇਖਣ ਤੋਂ ਪ੍ਰਾਪਤ ਅੰਕੜੇ ਅਤੇ ਜਾਣਕਾਰੀ ਦਰਸਾਉਂਦੀ ਹੈ ਕਿ ਸਿੱਖਿਆ ਦੇ ਖੇਤਰ ਵਿੱਚ ਹੁਣ ਤੱਕ ਕੀਤੇ ਗਏ ਸਾਰੇ ਯਤਨ ਬਾਹਰਮੁਖੀ ਸੁਧਾਰ ਲਈ ਨਾਕਾਫੀ ਰਹੇ ਹਨ। ਨੈਸ਼ਨਲ ਕਾਉਂਸਿਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ ਭਾਵ ਅਤੇਭਾਰਤ ਸਰਕਾਰ ਦੇ ਸਕੂਲ ਸਿੱਖਿਆ ਮੰਤਰਾਲੇ ਦੀ ਸਾਂਝੀ ਸਰਪ੍ਰਸਤੀ ਹੇਠ ਇੱਕ ਸਰਵੇਖਣ ਕਰਵਾਇਆ ਗਿਆ। ਅੰਕੜਿਆਂ ਅਨੁਸਾਰ ਦੇਸ਼ ਭਰ ਵਿੱਚ ਤੀਜੀ ਜਮਾਤ ਦੇ ਬੱਚੇ ਔਸਤ ਨਾਲੋਂ ਕਮਜ਼ੋਰ ਸਾਬਤ ਹੋਏ ਹਨ, ਖਾਸ ਕਰਕੇ ਗਣਿਤ, ਅੰਗਰੇਜ਼ੀ ਅਤੇ ਹਿੰਦੀ ਵਿੱਚ, ਜੋ ਦੇਸ਼ ਦੇ ਭਵਿੱਖ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਫਾਊਂਡੇਸ਼ਨ ਲਿਟਰੇਸੀ ਸਰਵੇ (ਐੱਫ.ਐੱਲ.ਐੱਸ.) ਦੇ ਸਿਰਲੇਖ ਹੇਠ ਕਰਵਾਏ ਗਏ ਉਕਤ ਸਰਵੇਖਣ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੇਸ਼ ਭਰ ਦੇ ਸਕੂਲਾਂ ਵਿਚ ਤੀਜੀ ਜਮਾਤ ਵਿਚ ਪੜ੍ਹਦੇ ਸਿਰਫ਼ 54 ਫੀਸਦੀ ਬੱਚੇ ਹੀ ਅੰਗਰੇਜ਼ੀ ਵਿਚ ਨਿਪੁੰਨ ਹਨ, ਪਰ ਦੁੱਖ ਦੀ ਗੱਲ ਇਹ ਹੈ ਕਿ ਮਹਾਨ ਗਣਿਤ ਸ਼ਾਸਤਰੀ ਸ਼੍ਰੀਨਿਵਾਐਸ ਰਾਮਾਨੁਜਨ ਦੇ ਇਸ ਦੇਸ਼ ਵਿੱਚ ਦੇਸ਼ ਦੇ ਸਿਰਫ਼ 52 ਫ਼ੀਸਦੀ ਬੱਚੇ ਹੀ ਗਣਿਤ ਵਰਗੇ ਦਿਲਚਸਪ ਅਤੇ ਮਹੱਤਵਪੂਰਨ ਵਿਸ਼ੇ ਵਿੱਚ ਨਿਪੁੰਨ ਹਨ। ਦੂਜੇ ਪਾਸੇ ਇਸ ਸਰਵੇਖਣ ਵਿਚ ਦੇਸ਼ ਦੇ ਸਿੱਖਿਆ ਜਗਤ ਦਾ ਸਭ ਤੋਂ ਮੰਦਭਾਗਾ ਅਤੇ ਕਾਲਾ ਸੱਚ ਇਹ ਸਾਹਮਣੇ ਆਇਆ ਹੈ ਕਿ ਰਾਸ਼ਟਰੀ ਔਸਤ ਵਿਚ ਸਿਰਫ਼ 46 ਫੀਸਦੀ ਬੱਚੇ ਹੀ ਸਾਡੀ ਰਾਸ਼ਟਰੀ ਭਾਸ਼ਾ ਹਿੰਦੀ ਵਿਚ ਨਿਪੁੰਨ ਪਾਏ ਗਏ। ਕੇਂਦਰ ਸਰਕਾਰ ਦੇ ਸਿੱਖਿਆ ਮੰਤਰਾਲੇ ਦੀ ਅਗਵਾਈ ਹੇਠ 'ਨੈਸ਼ਨਲ ਇਨੀਸ਼ੀਏਟਿਵ ਫਾਰ ਪ੍ਰੋਫੀਸ਼ੈਂਸੀ ਇਨ ਰੀਡਿੰਗ ਵਿਦ ਅੰਡਰਸਟੈਂਡਿੰਗ ਐਂਡ ਨਿਊਮੇਰੇਸੀ' ਭਾਵ 'ਨਿਪੁਨ ਭਾਰਤ 2021' ਨਾਂ ਦਾ ਸਰਵੇਖਣ ਕਰਵਾਇਆ ਗਿਆ, ਜਿਸ ਨੂੰਇਸ ਦਾ ਉਦੇਸ਼ ਗਣਿਤ ਅਤੇ ਭਾਸ਼ਾ ਅਰਥਾਤ ਅੰਗਰੇਜ਼ੀ ਅਤੇ ਹਿੰਦੀ ਵਿਸ਼ਿਆਂ ਵਿੱਚ ਯੋਗਤਾ ਅਤੇ ਯੋਗਤਾ ਦੇ ਆਧਾਰ 'ਤੇ ਬੱਚਿਆਂ ਦੀ ਮੌਜੂਦਾ ਸਥਿਤੀ ਦਾ ਪਤਾ ਲਗਾਉਣਾ ਸੀ। ਦਰਅਸਲ, 2026-27 ਤੱਕ, ਮੋਦੀ ਸਰਕਾਰ ਨੇ ਦੇਸ਼ ਭਰ ਵਿੱਚ ਤੀਜੀ ਜਮਾਤ ਦੇ ਬੱਚਿਆਂ ਨੂੰ ਭਾਸ਼ਾ ਅਤੇ ਗਣਿਤ ਦੇ ਵਿਸ਼ਿਆਂ ਵਿੱਚ ਬੁਨਿਆਦੀ ਤੌਰ 'ਤੇ ਮਜ਼ਬੂਤ ਬਣਾਉਣ ਦਾ ਟੀਚਾ ਰੱਖਿਆ ਹੈ। ਜਿਸ ਲਈ ਮਾਰਚ, 2022 ਦੌਰਾਨ ਦੇਸ਼ ਭਰ ਦੇ ਸਾਰੇ ਰਾਜਾਂ ਵਿੱਚ ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ 10 ਹਜ਼ਾਰ ਸਕੂਲਾਂ ਵਿੱਚੋਂ ਤੀਜੀ ਜਮਾਤ ਵਿੱਚ ਪੜ੍ਹਦੇ ਕੁੱਲ 86 ਹਜ਼ਾਰ ਬੱਚਿਆਂ ਨੂੰ ਸ਼ਾਮਲ ਕੀਤਾ ਗਿਆ ਸੀ। ਉਪਰੋਕਤ ਸਰਵੇਖਣ ਦੇ ਅਨੁਸਾਰਅਤੇ ਹਿੰਦੀ ਵਿਸ਼ੇ ਵਿੱਚ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਸਿਰਫ਼ 45 ਫ਼ੀਸਦੀ ਬੱਚੇ, ਜਦੋਂ ਕਿ ਦਿੱਲੀ ਦੇ 50 ਫ਼ੀਸਦੀ ਅਤੇ ਪੱਛਮੀ ਬੰਗਾਲ ਦੇ 75 ਫ਼ੀਸਦੀ ਬੱਚੇ ਪੜ੍ਹਨ ਅਤੇ ਬੋਲਣ ਵਿੱਚ ਨਿਪੁੰਨ ਪਾਏ ਗਏ। ਦੂਜੇ ਪਾਸੇ ਉੱਤਰਾਖੰਡ ਦੇ ਸਭ ਤੋਂ ਵੱਧ 77 ਪ੍ਰਤੀਸ਼ਤ ਬੱਚੇ ਅੰਗਰੇਜ਼ੀ ਭਾਸ਼ਾ ਵਿੱਚ ਨਿਪੁੰਨ ਪਾਏ ਗਏ, ਜਦੋਂ ਕਿ ਬਿਹਾਰ ਦੇ 74 ਪ੍ਰਤੀਸ਼ਤ, ਪੱਛਮੀ ਬੰਗਾਲ ਦੇ 71 ਪ੍ਰਤੀਸ਼ਤ, ਦਿੱਲੀ ਦੇ 66 ਪ੍ਰਤੀਸ਼ਤ ਬੱਚੇ ਅਤੇ ਕੇਰਲਾ ਦੇ 62 ਪ੍ਰਤੀਸ਼ਤ ਬੱਚੇ ਇਸ ਭਾਸ਼ਾ ਵਿੱਚ ਨਿਪੁੰਨ ਸਨ। ਮਹੱਤਵਪੂਰਨ ਗੱਲ ਇਹ ਹੈ ਕਿ ਅੰਗਰੇਜ਼ੀ ਵਿੱਚ ਰਾਸ਼ਟਰੀ ਔਸਤ 54 ਫੀਸਦੀ ਹੈ। ਸਰਵੇਖਣ ਵਿੱਚ ਗਣਿਤ ਦੇ ਖੇਤਰ ਵਿੱਚ ਪ੍ਰਾਪਤ ਨਤੀਜੇ ਅਨੁਸਾਰ ਪੱਛਮੀ ਬੰਗਾਲ ਵਿੱਚ ਸਭ ਤੋਂ ਵੱਧ 70% ਅੰਕ ਹਨ।ਅੰਕਾਂ ਦੀ ਮਾਨਤਾ ਤੋਂ ਇਲਾਵਾ, ਘਟਾਓ, ਗੁਣਾ ਅਤੇ ਭਾਗ ਵਿਚ ਵੀ ਪ੍ਰਤੀਸ਼ਤ ਬੱਚੇ ਨਿਪੁੰਨ ਪਾਏ ਗਏ, ਜਦੋਂ ਕਿ ਰਾਸ਼ਟਰੀ ਔਸਤ 52 ਪ੍ਰਤੀਸ਼ਤ ਦੇ ਮੁਕਾਬਲੇ ਦੂਜੇ ਸਥਾਨ 'ਤੇ ਬਿਹਾਰ ਦੇ 66 ਪ੍ਰਤੀਸ਼ਤ ਬੱਚੇ, ਤੀਜੇ ਸਥਾਨ 'ਤੇ ਉੱਤਰ ਪ੍ਰਦੇਸ਼ ਦੇ 62 ਹਨ . , ਚੌਥੇ ਸਥਾਨ 'ਤੇ ਉੱਤਰ ਪ੍ਰਦੇਸ਼ ਦੇ 62, ਪਰ ਉੱਤਰਾਖੰਡ ਦੇ 59, ਤਾਮਿਲਨਾਡੂ ਦੇ 56 ਫੀਸਦੀ ਬੱਚੇ ਪੰਜਵੇਂ ਸਥਾਨ 'ਤੇ ਰਹੇ। ਦੂਜੇ ਪਾਸੇ ਦੇਸ਼ ਵਿੱਚ ਛੇਵੇਂ ਸਥਾਨ 'ਤੇ ਕੇਰਲਾ ਦੇ ਸਿਰਫ਼ 45 ਫ਼ੀਸਦੀ ਵਿਦਿਆਰਥੀ ਹੀ ਗਣਿਤ ਵਿੱਚ ਨਿਪੁੰਨ ਪਾਏ ਗਏ ਹਨ ਅਤੇ ਦੇਸ਼ ਵਿੱਚ ਸੱਤਵੇਂ ਸਥਾਨ 'ਤੇ ਦਿੱਲੀ ਦੇ ਸਿਰਫ਼ 45 ਫ਼ੀਸਦੀ ਵਿਦਿਆਰਥੀ ਹਨ। ਇਸੇ ਤਰ੍ਹਾਂ ਮਹਾਰਾਸ਼ਟਰ ਵਿੱਚ ਗਣਿਤ ਵਿਸ਼ੇ ਦੇ ਪ੍ਰਸ਼ਨ ਹੱਲ ਕਰਨ ਵਿੱਚ ਡਾਗੋਆ 'ਚ 52 ਫੀਸਦੀ ਬੱਚਿਆਂ ਨੇ ਅੰਗਰੇਜ਼ੀ, 56 ਫੀਸਦੀ ਮਰਾਠੀ, 57 ਨੇ ਮਰਾਠੀ ਅਤੇ ਸਿਰਫ 37 ਫੀਸਦੀ ਹਿੰਦੀ 'ਚ ਮੁਹਾਰਤ ਹਾਸਲ ਕੀਤੀ, ਜਦਕਿ ਗੋਆ 'ਚ 53 ਫੀਸਦੀ ਬੱਚੇ ਅੰਗਰੇਜ਼ੀ, 40 ਫੀਸਦੀ ਮਰਾਠੀ ਅਤੇ 35 ਫੀਸਦੀ ਬੱਚਿਆਂ ਨੇ ਆਪਣੀ ਮੁਹਾਰਤ ਹਾਸਲ ਕੀਤੀ। ਗਣਿਤ ਵਿੱਚ. ਭਾਸ਼ਾ ਅਤੇ ਗਣਿਤ ਦੇ ਖੇਤਰ ਵਿੱਚ ਬੱਚਿਆਂ ਦੀ ਇਹ ਹਾਲਤ ਦੇਖ ਕੇ ਦੇਸ਼ ਦੇ ਭਵਿੱਖ ਬਾਰੇ ਚਿੰਤਾ ਹੋਣੀ ਸੁਭਾਵਿਕ ਹੈ। ਵੈਸੇ, ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਅਤੇ ਸਿੱਖਿਆ ਪ੍ਰਤੀ ਹੁਣ ਤੱਕ ਕੀਤੀ ਗਈ ਲਾਪਰਵਾਹੀ, ਅਣਗਹਿਲੀ, ਅਗਿਆਨਤਾ ਅਤੇ ਦ੍ਰਿੜ ਇਰਾਦੇ ਦੀ ਘਾਟ ਆਦਿ ਇਸ ਸਮੱਸਿਆ ਦਾ ਮੂਲ ਕਾਰਨ ਹਨ।ਕਾਰਨ ਹੋਏ ਹਨ। ਅਸਲ ਵਿੱਚ ਸਾਡੇ ਬੱਚਿਆਂ ਦੀ ਆਪਣੀ ਮਾਂ-ਬੋਲੀ ਵਿੱਚ ਸਿੱਖਿਆ ਅਤੇ ਸ਼ੁਰੂਆਤ ਨਾ ਹੋਣ ਕਾਰਨ ਸਾਡੇ ਬੱਚੇ ਗਣਿਤ ਸਮੇਤ ਹੋਰ ਕਈ ਵਿਸ਼ਿਆਂ ਵਿੱਚ ਪਛੜ ਜਾਂਦੇ ਹਨ, ਜਦੋਂ ਕਿ ਅਸੀਂ ਦਹਾਕਿਆਂ ਤੋਂ ਸਿੱਖਿਆ ਦੇ ਖੇਤਰ ਵਿੱਚ ਵਿਕਾਸ ਅਤੇ ਨਵੀਨਤਾ ਦੀਆਂ ਗੱਲਾਂ ਸੁਣਦੇ ਆ ਰਹੇ ਹਾਂ। ਇਸੇ ਤਰ੍ਹਾਂ ਰਾਸ਼ਟਰੀ ਭਾਸ਼ਾ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਨੂੰ ਅਪਗ੍ਰੇਡ ਕਰਨ ਅਤੇ ਉਨ੍ਹਾਂ ਨੂੰ ਲੋੜੀਂਦਾ ਸਥਾਨ ਅਤੇ ਸਨਮਾਨ ਦੇਣ ਦੇ ਨਾਂ 'ਤੇ ਲਗਭਗ ਹਰ ਸਾਲ ਦੇਸ਼ ਭਰ ਵਿਚ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਂਦੇ ਹਨ। ਪਰ ਅਸੀਂ ਸਕੂਲਾਂ ਲਈ ਹਿੰਦੀ ਅਤੇ ਗਣਿਤ ਦੇ ਚੰਗੇ ਅਧਿਆਪਕ ਨਹੀਂ ਹਾਂ।ਉਹ ਤਿਆਰ ਕਰਨ ਦੇ ਯੋਗ ਸਨ, ਜਦੋਂ ਕਿ ਸਿਰਫ਼ ਇੱਕ ਲੱਖ ਦੀ ਆਬਾਦੀ ਵਾਲੇ ਦੇਸ਼ਾਂ ਸਵੀਡਨ ਅਤੇ ਨਾਰਵੇ, ਡੈਨਮਾਰਕ ਅਤੇ ਫਿਨਲੈਂਡ ਆਦਿ ਦੇਸ਼ਾਂ ਨੇ ਆਪਣੀ ਭਾਸ਼ਾ ਵਿੱਚ ਸਾਰੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਹੋਇਆ ਹੈ। ਉਂਜ, ਸਿੱਖਿਆ ਦੇ ਖੇਤਰ ਵਿੱਚ ਵੱਡੇ ਸੁਧਾਰਾਂ ਰਾਹੀਂ ਕੇਂਦਰ ਦੀ ਮੋਦੀ ਸਰਕਾਰ ਬੱਚਿਆਂ ਨੂੰ ਭਾਸ਼ਾ ਅਤੇ ਗਣਿਤ ਦੇ ਵਿਸ਼ਿਆਂ ਵਿੱਚ ਬੁਨਿਆਦੀ ਤੌਰ 'ਤੇ ਮਜ਼ਬੂਤ ਬਣਾਉਣ ਦਾ ਟੀਚਾ ਰੱਖ ਰਹੀ ਹੈ, ਜੋ ਇੱਕ ਸ਼ਲਾਘਾਯੋਗ ਕਦਮ ਹੈ।

## ਹਲਕਾ-ਫੁਲਕਾ

ਕੁੱਕੂ ਨੇ ਆਪਣੇ ਦੋਸਤ ਰਾਜ ਨੂੰ ਕਿਹਾ, "ਮੇਰੇ ਗੁਆਂਢੀ ਡਾਕਟਰ ਅੰਕਲ ਪਲਾਸਟਰ ਬਹੁਤ ਵਧੀਆ ਕਰਦੇ ਹਨ।"
ਰਾਜੂ, "ਫਿਰ ਤਾਂ ਮੈਂ ਡੈਡੀ ਨੂੰ ਕਹਾਂਗਾ ਕਿ ਆਪਣਾ ਘਰ ਉਨ੍ਹਾਂ ਤੋਂ ਪਲਾਸਟਰ ਕਰਵਾਉਣਗੇ।"

********

ਮਹਿਮਾਨ, "ਮੈਂ ਕੱਲ੍ਹ ਜਾ ਰਿਹਾ ਹਾਂ। ਤੁਹਾਨੂੰ ਕੁਝ ਬੁਰਾ ਤਾਂ ਨਹੀਂ ਲੱਗ ਰਿਹਾ ਹੋਵੇਗਾ।"
ਮੇਜ਼ਬਾਨ, "ਜੀ ਹਾਂ, ਲੱਗ ਤਾਂ ਰਿਹਾ ਹੈ। ਮੈਂ ਸੋਚਿਆ ਸੀ ਕਿ ਤੁਸੀਂ ਅੱਜ ਹੀ ਚਲੇ ਜਾਓਗੇ।"

********

ਅਧਿਆਪਕ, "ਕਾਰਨ ਅਤੇ ਪਰਿਣਾਮ ਦਾ ਬਹੁਤ ਡੂੰਘਾ ਸੰਬੰਧ ਹੈ ਅਤੇ ਇਹ ਤਾਂ ਸਭ ਜਾਣਦੇ ਹੀ ਹਨ ਕਿ ਬਗੈਰ ਮੁਰਗੀ ਦੇ ਕੋਈ ਆਂਡਾ ਪੈਦਾ ਨਹੀਂ ਕਰ ਸਕਦਾ।"
ਬੰਟੂ (ਗੱਲ ਕੱਟਦੇ ਹੋਏ), "ਮੇਰੇ ਪਿਤਾ ਜੀ ਕਰ ਸਕਦੇ ਹਨ।"
ਅਧਿਆਪਕ, "ਉਹ ਕਿਵੇਂ?"
ਬੰਟੂ, "ਸਰ ਜੀ, ਉਨ੍ਹਾਂ ਨੇ ਬੱਤਖ ਪਾਲ ਰੱਖੀ ਹੈ।"

********

ਅਧਿਆਪਕ (ਬੱਚਿਆਂ ਨੂੰ), "ਆਉਣ ਵਾਲੇ ਕੱਲ੍ਹ ਨੂੰ ਇੰਗਲਿਸ਼ ਵਿੱਚ ਕੀ ਕਹਿੰਦੇ ਹਨ?"
ਬੱਚਾ, "ਜੀ ਟੁਮਾਰੋ।"
ਅਧਿਆਪਕ, "...ਅਤੇ ਪਰਸੋਂ ਨੂੰ?"
ਬੱਚਾ, "ਟੁਮਾਰੋ ਉੱਤੇ ਇੱਕ ਹੋਰ ਮਾਰੋ।"




# ਇਤਿਹਾਸ 'ਚ ਪਹਿਲੀ ਵਾਰ 'ਫ਼ਸਲ ਖੇਤਾਂ ਵਿੱਚ, ਪੈਸਾ ਖਾਤਿਆਂ ਵਿੱਚ'

## *ਵਾਅਦੇ ਮੁਤਾਬਕ 20 ਦਿਨ ਤੋਂ ਪਹਿਲਾਂ ਹੀ ਮੁਆਵਜ਼ਾ ਵੰਡਣ ਦਾ ਕੰਮ ਸ਼ੁਰੂ ਕੀਤਾ : ਮੁੱਖ ਮੰਤਰੀ
## * ਪਹਿਲੇ ਦਿਨ 40 ਕਰੋੜ ਰੁਪਏ ਦਾ ਵੰਡਿਆ ਗਿਆ ਮੁਆਵਜ਼ਾ

ਅਬੋਹਰ (ਫਾਜ਼ਿਲਕਾ), 13 ਅਪ੍ਰੈਲ (ਗਿਆਨ ਸਿੰਘ): ਪੰਜਾਬ ਭਰ ਵਿੱਚ ਭਾਰੀ ਮੀਂਹ ਕਾਰਨ ਨੁਕਸਾਨ ਝੱਲਣ ਵਾਲੇ ਕਿਸਾਨਾਂ ਦੀ ਸੰਕਟ ਦੀ ਇਸ ਘੜੀ ਵਿਚ ਬਾਂਹ ਫੜਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇੱਥੇ ਇਨ੍ਹਾਂ ਕਿਸਾਨਾਂ ਨੂੰ ਖੁਦ ਮੁਆਵਜਾ ਵੰਡਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਅਤੇ ਸੂਬਾ ਸਰਕਾਰ ਨੇ ਪਹਿਲੇ ਦਿਨ 40 ਕਰੋੜ ਰੁਪਏ ਦੀ ਮੁਆਵਜਾ ਰਾਸ਼ੀ ਵੰਡ ਕੇ ਸਾਰੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ।

ਅੱਜ ਇੱਥੇ ਲਗਾਤਾਰ ਮੀਂਹ ਕਾਰਨ ਹੋਏ ਫਸਲਾਂ ਅਤੇ ਘਰਾਂ ਨੁਕਸਾਨ ਲਈ ਮੁਆਵਜ਼ਾ ਵੰਡਣ ਦੀ ਮੁਹਿੰਮ ਦੀ ਸ਼ੁਰੂਆਤ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਫਾਜ਼ਲਿਕਾ ਜ਼ਿਲ੍ਹੇ ਦੇ 362 ਪਿੰਡਾਂ ਨੂੰ ਮੁਆਵਜ਼ੇ ਵਜੋਂ ਕੁੱਲ 12.94 ਕਰੋੜ ਰੁਪਏ ਵਿੱਚੋਂ 6 ਕਰੋੜ ਰੁਪਏ ਖੁਦ ਵੰਡੇ ਹਨ। ਭਗਵੰਤ ਮਾਨ ਨੇ ਕਿਹਾ, "ਅੱਜ ਦੇ ਦਿਨ ਨੂੰ ਖੁਸ਼ੀ ਵਾਲਾ ਦਿਨ ਨਹੀਂ ਆਖਿਆ ਜਾ ਸਕਦਾ ਕਿਉਂਕਿ ਮੈਂ ਕੁਦਰਤ ਦੇ ਕਹਿਰ ਕਾਰਨ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਇੱਥੇ ਆਇਆ ਹਾਂ। ਸੰਕਟ ਦੀ ਇਸ ਘੜੀ ਵਿੱਚ ਪ੍ਰਭਾਵਿਤ ਹੋਏ ਲੋਕਾਂ ਖਾਸ ਕਰਕੇ ਕਿਸਾਨਾਂ ਨੂੰ ਰਾਹਤ ਦੇਣ ਲਈ ਤੁਹਾਡੀ ਸਰਕਾਰ ਦ੍ਰਿੜ ਵਚਨਬੱਧ ਹੈ।"

ਮੁੱਖ ਮੰਤਰੀ ਨੇ ਕਿਹਾ ਕਿ ਲਗਾਤਾਰ ਮੀਂਹ ਪੈਣ ਤੋਂ ਬਾਅਦ ਉਨ੍ਹਾਂ ਨੇ ਜ਼ਮੀਨੀ ਪੱਧਰ 'ਤੇ ਹਾਲਾਤ ਦਾ ਜਾਇਜ਼ਾ ਲੈਣ ਲਈ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਸੀ। ਭਗਵੰਤ ਮਾਨ ਨੇ ਕਿਹਾ ਕਿ ਖਰਾਬ ਮੌਸਮ ਕਾਰਨ ਕਿਸਾਨਾਂ ਨੂੰ ਹੋਏ ਭਾਰੀ ਨੁਕਸਾਨ ਨੂੰ ਦੇਖ ਕੇ ਉਨ੍ਹਾਂ ਦਾ ਮਨ ਦੁਖੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਤੁਰੰਤ ਬਾਅਦ ਸੂਬਾ ਸਰਕਾਰ ਨੇ ਲੋਕਾਂ ਦੇ ਹੋਏ ਨੁਕਸਾਨ ਦਾ ਪਤਾ ਲਾਉਣ ਲਈ ਵਿਆਪਕ ਪੱਧਰ ਉਤੇ ਵਿਸ਼ੇਸ਼ ਗਿਰਦਾਵਰੀ ਕਰਨ ਦੇ ਹੁਕਮ ਦਿੱਤੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਵਾਰ ਦੀ ਗਿਰਦਾਵਰੀ ਵਿਚ ਪਿਛਲੀ ਸਰਕਾਰ ਦੇ ਮੁਕਾਬਲੇ ਫੈਸਲਾਕੁੰਨ ਪਰਿਵਰਤਨ ਹੋਇਆ ਹੈ ਕਿਉਂਕਿ ਪਹਿਲਾਂ ਸਿਰਫ਼ ਫੋਕੇ ਦਾਅਵੇ ਹੀ ਹੁੰਦੇ ਸਨ ਅਤੇ ਜ਼ਮੀਨੀ ਪੱਧਰ ਉਤੇ ਲੋਕਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਂਦਾ ਸੀ। ਭਗਵੰਤ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਗਿਰਦਾਵਰੀ ਸਿਰਫ ਸਿਆਸੀ ਰਸੂਖਵਾਨ ਲੋਕਾਂ ਦੀ ਮਰਜ਼ੀ ਉਤੇ ਨਿਰਭਰ ਹੁੰਦੀ ਸੀ ਜਿਸ ਕਰਕੇ ਕਿਸੇ ਵੀ ਅਸਲ ਲਾਭਪਾਤਰੀ ਨੂੰ ਮਦਦ ਨਹੀਂ ਮਿਲਦੀ ਸੀ। ਉਨ੍ਹਾਂ ਕਿਹਾ ਕਿ ਅਜਿਹੀਆਂ ਗਿਰਦਾਵਰੀਆਂ ਖੇਤਾਂ ਵਿਚ ਜਾ ਕੇ ਕਰਨ ਦੀ ਬਜਾਏ ਅਮੀਰ ਲੋਕਾਂ ਦੇ ਘਰਾਂ ਵਿੱਚ ਹੀ ਨੇਪਰੇ ਚਾੜ੍ਹ ਲਈਆਂ ਜਾਂਦੀਆਂ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਵਾਰ ਗਿਰਦਾਵਰੀ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਲਈ ਪੂਰੀ ਤਰ੍ਹਾਂ ਪਾਰਦਰਸ਼ੀ ਵਿਧੀ ਅਪਣਾਈ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਵਿਸਾਖੀ ਤੋਂ ਪਹਿਲਾਂ ਮੁਆਵਜ਼ੇ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਇਹ ਬਹੁਤ ਤਸੱਲੀ ਵਾਲੀ ਗੱਲ ਹੈ ਕਿ ਅੱਜ ਮਿੱਥੇ ਸਮੇਂ ਤੋਂ ਪਹਿਲਾਂ ਇਸ ਮੁਹਿੰਮ ਦੀ ਸ਼ੁਰੂਆਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਦਾ ਇੱਕੋ-ਇੱਕ ਉਦੇਸ਼ ਕਿਸਾਨਾਂ ਨੂੰ ਲਾਭ ਪਹੁੰਚਾਉਣਾ ਹੈ ਜਿਨ੍ਹਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਕਿਸਾਨਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਦੀ ਮੁਆਵਜ਼ਾ ਰਾਸ਼ੀ ਵਿੱਚ 25 ਫੀਸਦੀ ਵਾਧਾ ਕੀਤਾ ਹੈ। ਜੇਕਰ ਨੁਕਸਾਨ 75 ਫੀਸਦੀ ਤੋਂ ਵੱਧ ਹੁੰਦਾ ਹੈ ਤਾਂ ਸੂਬਾ ਸਰਕਾਰ ਕਿਸਾਨਾਂ ਨੂੰ 15,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਵੇਗੀ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਜੇਕਰ ਨੁਕਸਾਨ 33 ਤੋਂ 75 ਫੀਸਦੀ ਤੱਕ ਹੁੰਦਾ ਹੈ ਤਾਂ ਕਿਸਾਨਾਂ ਨੂੰ 6800 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ। ਇਸੇ ਤਰ੍ਹਾਂ ਭਗਵੰਤ ਮਾਨ ਨੇ ਕਿਹਾ ਕਿ ਖੇਤ ਮਜ਼ਦੂਰਾਂ ਨੂੰ ਵੀ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਘਰਾਂ ਦੇ ਥੋੜ੍ਹੇ-ਬਹੁਤ ਨੁਕਸਾਨ ਦਾ ਵੀ ਮੁਆਵਜ਼ਾ ਦਿੱਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਖਰਾਬੇ ਦੇ 20 ਦਿਨਾਂ ਦੇ ਅੰਦਰ ਮੁਆਵਜ਼ਾ ਵੰਡਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਕਿਉਂਕਿ ਇਸ ਤੋਂ ਪਹਿਲਾਂ ਦੀ ਕਿਸੇ ਵੀ ਸਰਕਾਰ ਨੇ ਇਸ ਬਾਰੇ ਭੋਰਾ ਚਿੰਤਾ ਨਹੀਂ ਕੀਤੀ। ਮੁੱਖ ਮੰਤਰੀ ਨੇ ਵਿਅੰਗ ਕਰਦਿਆਂ ਕਿਹਾ, "ਪਿਛਲੀਆਂ ਸਰਕਾਰਾਂ ਦੌਰਾਨ ਮੁਆਵਜ਼ੇ ਵਿੱਚ ਏਨੀ ਦੇਰੀ ਹੋਈ ਸੀ ਕਿ ਜ਼ਿਆਦਾਤਰ ਮੰਤਰੀ ਅਤੇ ਵਿਧਾਇਕ ਇਹ ਭੁੱਲ ਹੀ ਜਾਂਦੇ ਸਨ ਕਿ ਉਹ ਕਿਹੜੀ ਫਸਲ ਦੇ ਮੁਆਵਜ਼ੇ ਦੇ ਚੈੱਕ ਵੰਡ ਰਹੇ ਹਨ। ਹੁਣ ਤੁਹਾਡੀ ਸਰਕਾਰ ਵਿਚ ਫਸਲ ਅਜੇ ਖੇਤਾਂ ਵਿੱਚ ਹੈ ਪਰ ਪੈਸਾ ਖਾਤਿਆਂ ਵਿਚ ਪਾ ਦਿੱਤਾ ਹੈ।"

ਮੁੱਖ ਮੰਤਰੀ ਨੇ ਕਿਹਾ ਕਿ ਮੀਂਹ ਕਾਰਨ ਕਿਸਾਨਾਂ ਦੀ ਫਸਲ ਦੇ ਹੋਏ ਨੁਕਸਾਨ ਲਈ ਕੇਂਦਰ ਨੂੰ ਮੁਆਵਜ਼ਾ ਦੇਣ ਵਾਸਤੇ ਮਿੰਨਤਾਂ ਕਰਨ ਦੀ ਬਜਾਏ ਕਣਕ ਦੇ ਟੁੱਟੇ ਤੇ ਸੁੰਗੜੇ ਦਾਣਿਆਂ ਉਤੇ ਭਾਰਤ ਸਰਕਾਰ ਵੱਲੋਂ ਮੁੱਲ ਵਿਚ ਕੀਤੀ ਜਾ ਰਹੀ ਕਟੌਤੀ ਕਾਰਨ ਕਿਸਾਨਾਂ 'ਤੇ ਪਏ ਆਰਥਿਕ ਬੋਝ ਦਾ ਸਾਰਾ ਖਰਚਾ ਸੂਬਾ ਸਰਕਾਰ ਸਹਿਣ ਕਰੇਗੀ। ਉਨ੍ਹਾਂ ਕਿਹਾ ਕਿ ਲਗਾਤਾਰ ਮੀਂਹ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ ਪਰ ਕੇਂਦਰ ਸਰਕਾਰ ਦੀ ਬੇਰੁਖੀ ਨੇ ਕਿਸਾਨਾਂ ਦੀ ਸਾਰ ਲੈਣ ਲਈ ਕੁਝ ਨਹੀਂ ਕੀਤਾ ਸਗੋਂ ਕਿਸਾਨਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਲਈ ਕੇਂਦਰ ਨੇ ਖਰਾਬ ਹੋਏ ਅਨਾਜ ਦੇ ਮੁੱਲ ਵਿਚ ਕਟੌਤੀ ਕਰ ਦਿੱਤੀ।


ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪੰਜਾਬੀ ਕਿਸਾਨਾਂ ਤੋਂ ਬਿਨਾਂ ਕੌਮੀ ਅਨਾਜ ਭੰਡਾਰ ਭਰਨਾ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤੀ ਖੁਰਾਕ ਨਿਗਮ (ਐੱਫ. ਸੀ. ਆਈ.) ਸੂਬੇ ਦੇ ਮਿਹਨਤਕਸ਼ ਕਿਸਾਨਾਂ ਤੋਂ ਬਿਨਾਂ ਆਪਣੀ ਹੋਂਦ ਕਾਇਮ ਨਹੀਂ ਰੱਖ ਸਕਦੀ। ਭਗਵੰਤ ਮਾਨ ਨੇ ਪ੍ਰਣ ਕਰਦਿਆਂ ਕਿਹਾ ਕਿ ਜਦੋਂ ਕੇਂਦਰ ਸਰਕਾਰ ਅਨਾਜ ਭੰਡਾਰ ਲਈ ਕਣਕ ਅਤੇ ਝੋਨੇ ਦੇ ਰੂਪ ਵਿੱਚ ਸਾਥੋਂ ਅਨਾਜ ਦੀ ਸਪਲਾਈ ਦੀ ਮੰਗ ਕਰੇਗਾ ਤਾਂ ਕਿਸਾਨਾਂ 'ਤੇ ਲਗਾਏ ਗਏ ਕੱਟ ਦਾ ਇੱਕ-ਇੱਕ ਪੈਸਾ ਕੇਂਦਰ ਤੋਂ ਵਿਆਜ ਸਣੇ ਲਿਆ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਨੇ ਪੰਜਾਬ ਅਤੇ ਇਸ ਦੇ ਕਿਸਾਨਾਂ ਪ੍ਰਤੀ ਬੇਰੁਖੀ ਵਾਲਾ ਰਵੱਈਆ ਅਪਣਾਇਆ ਹੋਇਆ ਹੈ ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾ-ਸ਼ਤ ਨਹੀਂ ਕੀਤਾ ਜਾ ਸਕਦਾ।

ਸੂਬਾ ਸਰਕਾਰ ਵਿਰੁੱਧ ਬੇਬੁਨਿਆਦ ਬਿਆਨ ਦੇਣ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਖ਼ਤ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਹਰ ਫੈਸਲਾ ਆਮ ਆਦਮੀ ਦੇ ਭਲੇ ਲਈ ਹੁੰਦਾ ਹੈ। ਉਨ੍ਹਾਂ ਨੇ ਸਾਬਕਾ ਉਪ ਮੁੱਖ ਮੰਤਰੀ ਉਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਿਹੜਾ ਵਿਅਕਤੀ ਖੁਦ ਦੁਪਹਿਰ 12 ਵਜੇ ਜਾਗਦਾ ਹੈ, ਉਹ ਕਦੇ ਵੀ ਦਫ਼ਤਰਾਂ ਦਾ ਸਮਾਂ ਸਵੇਰੇ 7:30 ਤੋਂ ਦੁਪਹਿਰ 2 ਵਜੇ ਤੱਕ ਬਦਲਣ ਦੇ ਫਾਇਦੇ ਦੀ ਉਮੀਦ ਨਹੀਂ ਲਾ ਸਕਦਾ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਲੋਕ ਵਿਰੋਧੀ ਮਾਨਸਿਕਤਾ ਕਾਰਨ ਲੋਕਾਂ ਨੇ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪਾਵਰਕਾਮ ਨੂੰ ਮਜ਼ਬੂਤ ਕਰਨ ਲਈ ਬੇਮਿਸਾਲ ਪਹਿਲਕਦਮੀਆਂ ਕੀਤੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਕਾਰ ਨੇ ਪਿਛਲੇ ਸਾਲ ਦੀ 20,200 ਕਰੋੜ ਰੁਪਏ ਦੀ ਸਾਰੀ ਬਕਾਇਆ ਸਬਸਿਡੀ ਜਾਰੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਪੀ.ਐਸ.ਪੀ.ਸੀ.ਐਲ. ਲੋਕਾਂ ਦੀ ਸਹੀ ਭਾਵਨਾ ਨਾਲ ਸੇਵਾ ਕਰੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਤੱਕ ਸੂਬੇ ਭਰ ਵਿੱਚ 28,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਮੁੱਚੀ ਭਰਤੀ ਪ੍ਰਕਿਰਿਆ ਦੌਰਾਨ ਨਿਰੋਲ ਮੈਰਿਟ ਅਤੇ ਪਾਰਦਰਸ਼ਤਾ ਨੂੰ ਆਧਾਰ ਬਣਾਇਆ ਜਾ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸਿਰਫ਼ ਇੱਕ ਸਾਲ ਵਿੱਚ ਏਨੀ ਵੱਡੀ ਗਿਣਤੀ ਵਿੱਚ ਨੌਕਰੀਆਂ ਨੌਜਵਾਨਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਸੂਬਾ ਸਰਕਾਰ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਵਾਸਤੇ ਆਹਲਾ ਦਰਜੇ ਦੇ 10 ਕੇਂਦਰ ਖੋਲ੍ਹੇਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਕੇਂਦਰ ਨੌਜਵਾਨਾਂ ਨੂੰ ਯੂ.ਪੀ.ਐਸ.ਸੀ. ਦੀ ਪ੍ਰੀਖਿਆ ਪਾਸ ਕਰਨ ਲਈ ਮਿਆਰੀ ਸਿਖਲਾਈ ਪ੍ਰਦਾਨ ਕਰਨਗੇ ਤਾਂ ਕਿ ਉਹ ਸੂਬੇ ਅਤੇ ਦੇਸ਼ ਵਿੱਚ ਉਚੇ ਅਹੁਦਿਆਂ 'ਤੇ ਕੰਮ ਕਰ ਸਕਣ। ਇਸ ਮੌਕੇ ਕੈਬਨਿਟ ਮੰਤਰੀ ਡਾ: ਬਲਜੀਤ ਕੌਰ ਤੇ ਹੋਰ ਵੀ ਹਾਜ਼ਰ ਸਨ।



# ਖਰੜ ਦੇ ਲੋਕਾਂ ਨੂੰ ਜਲਦੀ ਹੀ ਮਿਲੇਗੀ ਕਜੌਲੀ ਵਾਟਰ ਵਰਕਸ ਪ੍ਰੋਜੈਕਟ ਤੋਂ ਸਤਹੀ ਪਾਣੀ ਦੀ ਸਪਲਾਈ : ਅਨਮੋਲ ਗਗਨ ਮਾਨ

## ਪਹਿਲੇ ਫੇਜ਼ ਵਿੱਚ 5 ਐਮਜੀਡੀ ਟਰੀਟਡ ਸਤਹੀ ਪਾਣੀ ਜੰਡਪੁਰ, ਹਲਾਲਪੁਰ ਅਤੇ ਝੁੰਗੀਆਂ ਰੋਡ ਦੇ ਨਾਲ ਲੱਗਦੇ ਖੇਤਰ ਨੂੰ ਹੋਵੇਗਾ ਸਪਲਾਈ
## ਪਿੰਡ ਜੰਡਪੁਰ ਦੇ ਨੇੜੇ ਗਮਾਡਾ ਦੁਆਰਾ 7.29 ਕਰੋੜ ਦੀ ਲਾਗਤ ਨਾਲ ਤਿਆਰ ਕੀਤਾ ਜਾ ਰਿਹਾ ਹੈ ਵਾਟਰ ਟ੍ਰੀਟਮੈਂਟ ਪਲਾਂਟ

ਚੰਡੀਗੜ੍ਹ, 13 ਅਪ੍ਰੈਲ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੁਦਰਤੀ ਸਰੋਤਾਂ ਰਾਹੀ ਮਿਲ ਰਹੇ ਪਾਣੀ ਦੀ ਸਰਵੋਤਮ ਵਰਤੋਂ ਕਰਨ ਲਈ ਵਿਸ਼ੇਸ ਕਦਮ ਚੁੱਕੇ ਜਾ ਰਹੇ ਹਨ। ਸੂਬਾ ਸਰਕਾਰ ਵੱਲੋਂ ਖਰੜ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗਣ ਕਾਰਨ ਪੀਣ ਵਾਲੇ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਕਜੌਲੀ ਵਾਟਰ ਵਰਕਸ ਤੋਂ ਸਰਫੇਸ ਵਾਟਰ ਦੀ ਸਪਲਾਈ ਕਰਨ ਸਬੰਧੀ ਉਲੀਕੇ ਗਏ ਪ੍ਰੋਜੈਕਟ ਉਤੇ ਬਹੁਤ ਤੇਜ਼ੀ ਕੰਮ ਨਾਲ ਕੀਤਾ ਜਾ ਰਿਹਾ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਲੇਬਰ, ਨਿਵੇਸ਼ ਪ੍ਰੋਤਸ਼ਾਹਨ ਅਤੇ ਪ੍ਰਾਹੁਣਚਾਰੀ ਮੰਤਰੀ ਅਨਮੋਲ ਗਗਨ ਮਾਨ ਨੇ ਦੱਸਿਆ ਕਿ ਖਰੜ ਦੇ ਲੋਕ ਪਾਣੀ ਦੀ ਸਮੱਸਿਆ ਨਾਲ ਕਾਫੀ ਸਮੇਂ ਜੂਝ ਰਹੇ ਹਨ। ਉਨ੍ਹਾਂ ਕਿਹਾ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਸੂਬਾ ਸਰਕਾਰ ਵੱਲੋਂ 7.29 ਕਰੋੜ ਰੁਪਏ ਦੀ ਲਾਗਤ ਨਾਲ ਕਜੌਲੀ ਵਾਟਰ ਵਰਕਸ ਤੋਂ ਸਰਫੇਸ ਵਾਟਰ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ। ਮੰਤਰੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਫੇਜ਼-1 ਵਿੱਚ ਹਲਕਾ ਖਰੜ ਦੇ ਪਿੰਡ ਜੰਡਪੁਰ ਦੇ ਨੇੜੇ ਗਮਾਡਾ ਦੁਆਰਾ ਬਣਾਏ ਜਾ ਰਹੇ ਮੌਜੂਦਾ ਵਾਟਰ ਟ੍ਰੀਟਮੈਂਟ ਪਲਾਂਟ ਤੋਂ 5 ਐਮਜੀਡੀ ਟਰੀਟਡ ਸਤਹੀ ਪਾਣੀ ਜੰਡਪੁਰ, ਹਲਾਲਪੁਰ ਅਤੇ ਝੁੰਗੀਆਂ ਰੋਡ ਦੇ ਨਾਲ ਲੱਗਦੇ ਖੇਤਰ ਨੂੰ ਸਪਲਾਈ ਕੀਤਾ ਜਾਵੇਗਾ। ਜਿਸ ਨਾਲ ਲੋਕਾਂ ਨੂੰ ਸੁੱਧ ਪਾਣੀ ਦੀ ਮੁਸਕਲ ਤੋਂ ਵੱਡੀ ਰਾਹਤ ਮਿਲੇਗੀ ।

ਇਸ ਤੋਂ ਇਲਾਵਾ ਮੰਤਰੀ ਨੇ ਦੱਸਿਆ ਕਿ ਲੋਕਾਂ ਨੂੰ ਪੀਣ ਵਾਲੇ ਸਾਫ ਪਾਣੀ ਦੀ ਸਪਲਾਈ ਕਰਨ ਸਬੰਧੀ ਤਿਆਰ ਕੀਤੇ ਜਾ ਰਹੇ ਇਸ ਵਾਟਰ ਟ੍ਰੀਟਮੈਂਟ ਪਲਾਂਟ ਪ੍ਰੋਜੈਕਟ ਤੇ 7.29 ਕਰੋੜ ਰੁਪਏ ਦਾ ਖਰਚਾ ਆਵੇਗਾ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਸਬੰਧੀ ਹੋਣ ਵਾਲਾ ਖਰਚੇ ਲਈ ਲੋੜੀਂਦੇ ਫੰਡਜ਼ ਨਗਰ ਕੌਂਸਲ, ਖਰੜ ਵੱਲੋਂ ਮੁਹੱਈਆ ਕਰਵਾਏ ਜਾਣਗੇ। ਇਸ ਤੋਂ ਇਲਾਵਾ ਮੰਤਰੀ ਨੇ ਕਿਹਾ ਕਿ ਇਸ ਪ੍ਰੋਜੈਕਟ ਵਿੱਚ ਪੀ.ਆਰ.-7 ਸੜਕ ਦੇ ਨਾਲ ਝੁੰਗੀਆਂ ਰੋਡ ਤੱਕ 600/400 ਮਿਲੀਮੀਟਰ ਦੀ ਟਰਾਂਸਮਿਸ਼ਨ ਲਾਈਨ ਵਿਛਾਉਣਾ ਅਤੇ ਮੌਜੂਦਾ ਡਿਸਟ੍ਰੀਬਿਊਸ਼ਨ ਨੈੱਟਵਰਕ ਨਾਲ ਕੁਨੈਕਸ਼ਨ ਸ਼ਾਮਲ ਹੋਵੇਗਾ।

ਉਨਾਂ ਕਿਹਾ ਕਿ ਸੂਬਾ ਸਰਕਾਰ ਇਹ ਪਹਿਲਕਦਮੀ ਪੰਜਾਬ ਵਿੱਚ ਟਿਕਾਊ ਜਲ ਪ੍ਰਬੰਧਨ ਵੱਲ ਇੱਕ ਮਹੱਤਵਪੂਰਨ ਕਦਮ ਹੈ ਕਿਉਂਕਿ ਇਸਦਾ ਉਦੇਸ਼ ਸਤਹੀ ਜਲ ਸਰੋਤਾਂ ਦੀ ਵਰਤੋਂ ਕਰਕੇ ਖਰੜ ਸ਼ਹਿਰ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਹੇਠਾਂ ਜਾਣ ਤੋਂ ਰੋਕਣਾ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਟਿਕਾਊ ਭਵਿੱਖ ਨੂੰ ਯਕੀਨੀ ਬਣਾਉਣ ਲਈ ਜਲ ਸਰੋਤਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲ ਅਤੇ ਪ੍ਰਬੰਧਨ ਲਈ ਸਮਰਪਿਤ ਹੈ।

ਇਸ ਮੌਕੇ ਕੈਬਨਿਟ ਮੰਤਰੀ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਕੀਮਤੀ ਕੁਦਰਤੀ ਸਰੋਤਾਂ ਦੀ ਸੁਰੱਖਿਆ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਅਜਿਹੀਆਂ ਪਹਿਲਕਦਮੀਆਂ ਦਾ ਸਮਰਥਨ ਕਰਨ ਅਤੇ ਇਸ ਵਿੱਚ ਹਿੱਸਾ ਵੀ ਲੈਣ ਨੂੰ ਯਕੀਨੀ ਬਣਾਉਣ।

# ਸ਼੍ਰੋਮਣੀ ਕਮੇਟੀ, ਸਿੱਖ ਸੰਸਥਾਵਾ, ਸੂਬਾ ਸਰਕਾਰ ਪੰਜਾਬ ਵਿਚ ਸਿੱਖਾਂ ਦਾ ਘੱਟ ਗਿਣਤੀ ਭਾਈਚਾਰੇ ਦਾ ਦਰਜਾ ਖੋਹਣ ਦੇ ਫੈਸਲੇ ਦਾ ਵਿਰੋਧ ਕਰਨ : ਕੇਂਦਰੀ ਸਿੰਘ ਸਭਾ

ਚੰਡੀਗੜ੍ਹ, 13 ਅਪ੍ਰੈਲ (ਪੋਸਟ ਬਿਊਰੋ): ਸੁਪਰੀਮ ਕੋਰਟ ਨੇ ਚਿਤਾਵਨੀ ਦਿੱਤੀ ਹੈ ਜੇ ਸੂਬਾ ਸਰਕਾਰਾਂ, ਸਬੰਧਤ ਭਾਈਚਾਰੇ ਦੀਆਂ ਸੰਸਥਾਵਾਂ ਛੇ ਹਫਤਿਆ ਦੇ ਅੰਦਰ ਅੰਦਰ ਆਪਣਾ ਪੱਖ ਕੇਂਦਰ ਸਰਕਾਰ/ਅਦਾਲਤ ਕੋਲ ਪੇਸ਼ ਕਰਨ ਨਹੀਂ ਤਾਂ ਉਹ ਧਾਰਮਿਕ ਬਹਾਦਰੀ ਦਾ ਘੱਟ ਗਿਣਤੀ ਦਰਜਾ ਸੂਬੇ ਪੱਧਰ ਉੱਤੇ ਹੀ ਨਿਰਧਾਰਤ ਕਰਨ ਦੇ 1993 ਵਾਲੇ ਫੈਸਲੇ ਅਨੁਸਾਰ ਹੀ ਅਗਲਾ ਫੈਸਲਾ ਹੋਵੇਗਾ। ਡਰ ਹੈ ਕਿ ਪੰਜਾਬ ਵਿੱਚ ਸਿੱਖ ਫਿਰਕਾ ਬਹੁਗਿਣਤੀ ਭਾਈਚਾਰਾ ਬਣ ਜਾਵੇਗਾ ਅਤੇ ਉਸਨੂੰ ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਘੱਟ ਗਿਣਤੀ ਤੌਰ ਉੱਤੇ ਮਿਲਣ ਵਾਲੀਆਂ ਵਿਤੀ ਅਤੇ ਦੂਜੀਆ ਸਹੂਲਤਾਂ ਖ਼ਤਮ ਹੋ ਜਾਣਗੀਆਂ।



ਇਹ 1993 ਵਾਲਾ ਸੁਪਰੀਮ ਕੋਰਟ ਦਾ ਫੈਸਲਾ ਪਹਿਲਾ ਹੀ "ਨੋਟੀਫਾਈ" ਹੋ ਚੁੱਕਿਆ ਹੈ ਅਤੇ ਕੇਂਦਰ ਸਰਕਾਰ ਨੇ 25 ਮਾਰਚ 2022 ਨੂੰ ਕੋਰਟ ਵਿੱਚ ਆਪਣਾ ਹਲਫਨਾਮਾ ਪੇਸ਼ ਕਰ ਚੁੱਕੀ ਹੈ ਕਿ ਸੂਬਾ ਸਰਕਾਰਾਂ ਹੀ ਹਿੰਦੂ ਭਾਈਚਾਰੇ ਨੂੰ ਘੱਟ ਗਿਣਤੀ ਭਾਈਚਾਰਾ ਨਿਰਧਾਰਤ ਕਰਨ ਦਾ ਖੁਦ ਫੈਸਲਾ ਕਰਨ, ਨਹੀਂ ਤਾਂ ਸਾਂਝੀ ਸੂਚੀ ਮੁਤਾਬਿਕ ਕੇਂਦਰੀ ਸਰਕਾਰ ਇਸ ਸਬੰਧ ਵਿੱਚ ਫੈਸਲਾ ਕਰ ਸਕਦੀ ਹੈ।

ਆਪਣੀ ਤਾਜ਼ਾ ਚੇਤਾਵਨੀ ਵਿੱਚ, ਸੁਪਰੀਮ ਕੋਰਟ ਨੇ ਕਿਹਾ ਜੇ ਸੂਬਾ ਸਰਕਾਰਾਂ ਅਤੇ ਸਬੰਧਤ ਅਦਾਰਿਆਂ ਵੱਲੋਂ ਡੇਢ ਮਹੀਨੇ ਅੰਦਰ ਆਪਣਾ ਪੱਖ ਭੇਜਿਆਂ ਨਹੀਂ ਜਾਂਦਾ ਤਾਂ ਉੱਚ ਅਦਾਲਤ ਇਹ ਮੰਨ ਲਵੇਗੀ ਕਿ ਉਹਨਾਂ (ਸੂਬਿਆਂ) ਕੋਲ ਕਹਿਣ ਲਈ ਕੋਈ ਦਲੀਲ-ਅਪੀਲ ਨਹੀਂ ਹੈ।

ਇਸ ਲਈ, ਕੇਂਦਰੀ ਸਿੰਘ ਸਭਾ ਨਾਲ ਜੁੜੇ ਚਿੰਤਕਾਂ ਨੇ ਕਿਹਾ ਕਿ, ਸ਼੍ਰੋਮਣੀ ਗੁਰਦੁਆਰਾ ਕਮੇਟੀ, ਚੀਫ ਖ਼ਾਲਸਾ ਦੀਵਾਨ ਅਤੇ ਪੰਜਾਬ ਸਰਕਾਰ ਤੁਰੰਤ ਅੱਗੇ ਆ ਕੇ ਆਪਣਾ ਪੱਖ ਪੇਸ਼ ਕਰਨ।

ਸ਼੍ਰੋਮਣੀ ਕਮੇਟੀ, ਚੀਫ ਖ਼ਾਲਸਾ ਦੀਵਾਨ ਨਾਲ ਜੁੜ ਕੇ ਸਿੰਘ ਸਭਾ, ਖੁਦ ਸਿੱਖਾਂ ਦੇ ਪੰਜਾਬ ਵਿੱਚ ਘੱਟ ਗਿਣਤੀ ਦਰਜੇ ਬਚਾਉਣ ਲਈ ਆਪਣਾ ਯੋਗਦਾਨ ਪਾਉਣ ਲਈ ਤਿਆਰ ਹੈ।

ਸਿੱਖ ਬੁੱਧੀਜੀਵੀਆਂ ਨੇ ਕਿਹਾ ਹਰ ਧਾਰਮਿਕ ਭਾਈਚਾਰੇ ਦਾ ਘੱਟ ਗਿਣਤੀ ਦਰਜਾ ਦੇਸ਼ ਪੱਧਰ ਉੱਤੇ ਹੀ ਘੱਟ ਗਿਣਤੀਆਂ ਕਾਨੂੰਨ, 1992 ਮੁਤ-ਾਬਿਕ ਹੀ ਨਿਰਧਾਰਤ ਹੋਣਾ ਚਾਹੀਦਾ। ਸੂਬਾ ਪੱਧਰ ਉੱਤੇ ਘੱਟ ਗਿਣਤੀ ਦਰਜੇ ਨੂੰ ਨਿਸਚਤ ਕਰਨਾ ਹਿੰਦੂਤਵੀ ਸਿਆਸਤ ਦਾ ਹੀ ਹਿੱਸਾ ਹੈ।

ਇਸ ਸਾਂਝੇ ਬਿਆਨ ਵਿੱਚ ਪ੍ਰੋਫੈਸਰ ਸ਼ਾਮ ਸਿੰਘ (ਪ੍ਰਧਾਨ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ), ਭਾਈ ਅਸ਼ੋਕ ਸਿੰਘ ਬਾਗੜੀਆ, ਜਸਪਾਲ ਸਿੰਘ ਸਿੱਧੂ ਪੱਤਰਕਾਰ, ਗੁਰਪ੍ਰੀਤ ਸਿੰਘ, ਰਾਜਵਿੰ-ਦਰ ਸਿੰਘ ਰਾਹੀਂ, ਸੁਰਿੰਦਰ ਸਿੰਘ ਕਿਸ਼ਨਪੁਰਾ, ਡਾ. ਪਿਆਰੇ ਲਾਲ ਗਰਗ ਅਤੇ ਪ੍ਰੋਫੈਸਰ ਮਨਜੀਤ ਸਿੰਘ।

# ਲਾਲਜੀਤ ਸਿੰਘ ਭੁੱਲਰ ਨੇ ਪੱਟੀ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਸ਼ੁਰੂ ਕਰਵਾਈ

ਚੰਡੀਗੜ੍ਹ, 13 ਅਪ੍ਰੈਲ (ਪੋਸਟ ਬਿਊਰੋ): ਪੰਜਾਬ ਦੇ ਟਰਾਂਸਪੋਰਟ ਅਤੇ ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਅੱਜ ਪੱਟੀ ਹਲਕੇ ਦੀਆਂ ਦਾਣਾ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਸ਼ੁਰੂ ਕਰਵਾਈ ਗਈ। ਉਨ੍ਹਾਂ ਹਲਕੇ ਵਿੱਚ ਪੱਟੀ, ਦੁੱਬਲੀ, ਕੋਟ ਬੁੱਢਾ, ਹਰੀਕੇ, ਨੌਸ਼ਹਿਰਾ ਪੰਨੂੰਆਂ ਦੀਆਂ ਦਾਣਾ ਮੰਡੀਆਂ ਵਿੱਚ ਪਹੁੰਚ ਕੇ ਖ਼ਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ।


ਇਸ ਮੌਕੇ ਕੈਬਨਿਟ ਮੰਤਰੀ ਨੇ ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਅਤੇ ਸਰਕਾਰੀ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚੋਂ ਕਣਕ ਦੀ ਸਮੇਂ ਸਿਰ ਲਿਫ਼ਟਿੰਗ ਯਕੀਨੀ ਬਣਾਈ ਜਾਵੇ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕਣਕ ਲਿਆਉਣ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਅਧਿਕਾਰੀਆਂ ਨੂੰ ਫ਼ਸਲ ਦੀ ਅਦਾਇਗੀ ਵੀ ਸਮੇਂ ਸਿਰ ਕਰਨ ਦੇ ਨਿਰਦੇਸ਼ ਦਿੱਤੇ।

ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਮੀਂਹ ਤੇ ਹਨੇਰੀ ਕਾਰਨ ਖ਼ਰਾਬ ਹੋਈ ਕਣਕ ਦੀ ਫ਼ਸਲ ਉਤੇ ਭਾਰਤ ਸਰਕਾਰ ਵੱਲੋਂ ਮੁੱਲ ਵਿਚ ਕੀਤੀ ਕਟੌਤੀ ਨਾਲ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਸੂਬਾ ਸਰਕਾਰ ਕਰੇਗੀ। ਉਨ੍ਹਾਂ ਅਫ਼ਸੋਸ ਜਤਾਇਆ ਕਿ ਜਦੋਂ ਕਿਸਾਨਾਂ ਨੂੰ ਬੇਮੌਸਮੇ ਮੀਂਹ ਕਾਰਨ ਫ਼ਸਲਾਂ ਦਾ ਭਾਰੀ ਨੁਕਸਾਨ ਸਹਿਣਾ ਪਿਆ ਹੈ ਤਾਂ ਕੇਂਦਰ ਸਰਕਾਰ ਕਿਸਾਨਾਂ ਦੀ ਇਸ ਔਖੇ ਸਮੇਂ ਵਿੱਚ ਬਾਂਹ ਫੜਨ ਤੋਂ ਮੁਨਕਰ ਹੋ ਗਈ ਹੈ।

ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਕਣਕ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

ਦੱਸ ਦੇਈਏ ਕਿ ਬੇਮੌਸਮੀ ਬਰਸਾਤ ਕਾਰਨ ਕਣਕ ਦੀ ਆਮਦ ਮੰਡੀਆਂ ਵਿੱਚ ਦੇਰੀ ਨਾਲ ਸ਼ੁਰੂ ਹੋਈ ਹੈ ਅਤੇ ਪੱਟੀ ਦੀਆਂ ਕਈ ਮੰਡੀਆਂ ਵਿੱਚ ਕਣਕ ਦੀ ਫ਼ਸਲ ਦੇਰੀ ਨਾਲ ਪਹੁੰਚੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ ਅਤੇ ਸੂਬਾ ਸਰਕਾਰ ਨੇ ਕਿਸਾਨਾਂ ਦੀਆਂ ਫ਼ਸਲਾਂ ਦੇ ਖ਼ਰਾਬੇ ਲਈ ਮੁਆਵਜ਼ਾ ਰਾਸ਼ੀ ਵਿੱਚ 25 ਫ਼ੀਸਦੀ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ 75 ਫ਼ੀਸਦੀ ਤੋਂ ਵੱਧ ਖ਼ਰਾਬੇ ਵਾਲੇ ਕਿਸਾਨਾਂ ਨੂੰ ਸੂਬਾ ਸਰਕਾਰ ਇਸ ਵਾਰ ਪ੍ਰਤੀ ਏਕੜ 15000 ਰੁਪਏ ਦਾ ਮੁਆਵਜ਼ਾ ਦੇਵੇਗੀ। ਉਨ੍ਹਾਂ ਕਿਹਾ ਕਿ ਸੂਬੇ ਵਿਚ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾ ਰਹੀ ਹੈ ਅਤੇ ਛੇਤੀ ਹੀ ਖ਼ਰਾਬੇ ਦਾ ਮੁਆਵਜ਼ਾ ਵੰਡ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਕਿਸਾਨਾਂ ਦੇ ਨਾਲ ਖੜ੍ਹੀ ਹੈ।





# ਯੂਪੀ ਐਸਟੀਐਫ ਨੇ ਅਸਦ ਅਹਿਮਦ ਤੇ ਗੁਲਾਮ ਮੁਹੰਮਦ ਦਾ ਕੀਤਾ ਐਨਕਾਊਂਟਰ, ਉਮੇਸ਼ ਪਾਲ ਕਤਲ ਕਾਂਡ ਵਿਚ ਸਨ ਫਰਾਰ

ਝਾਂਸੀ, 13 ਅਪ੍ਰੈਲ (ਪੋਸਟ ਬਿਊਰੋ): ਉਮੇਸ਼ ਪਾਲ ਕਤਲ ਕਾਂਡ ਦੇ ਮੁੱਖ ਮੁਲਜ਼ਮ ਅਸਦ ਅਹਿਮਦ ਨੂੰ ਯੂਪੀ ਪੁਲਿਸ ਨੇ ਮਾਰ ਮੁਕਾਇਆ ਹੈ। ਅਸਦ ਅਹਿਮਦ ਝਾਂਸੀ ਦੇ ਕੋਲ ਇੱਕ ਮੁਕਾਬਲੇ ਵਿਚ ਮਾਰਿਆ ਗਿਆ ਹੈ। ਅਤੀਕ ਅਹਿਮਦ ਦਾ ਤੀਜਾ ਪੁੱਤਰ ਅਸਦ ਉਮੇਸ਼ ਪਾਲ ਦੇ ਕਾਤਲਾਂ ਦੀ ਅਗਵਾਈ ਕਰ ਰਿਹਾ ਸੀ। 24 ਫਰਵਰੀ ਨੂੰ ਪ੍ਰਯਾਗਰਾਜ 'ਚ ਉਮੇਸ਼ ਪਾਲ ਦੀ ਹੱਤਿਆ ਦੇ ਬਾਅਦ ਤੋਂ ਹੀ ਅਸਦ ਦੀ ਤਲਾਸ਼ ਜਾਰੀ ਸੀ। ਝਾਂਸੀ ਨੇੜੇ ਹੋਏ ਮੁਕਾਬਲੇ 'ਚ ਅਸਦ ਕੋਲੋਂ ਅਤਿ-ਆਧੁਨਿਕ ਵਿਦੇਸ਼ੀ ਹਥਿਆਰ ਵੀ ਬਰਾਮਦ ਹੋਏ ਹਨ। ਉਮੇਸ਼ ਪਾਲ ਕਤਲ ਕਾਂਡ ਤੋਂ ਬਾਅਦ ਅਸਦ 'ਤੇ ਪੰਜ ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ। ਉਸ ਦੇ ਨਾਲ ਹੀ ਸ਼ੂਟਰ ਗੁਲਾਮ ਦਾ ਵੀ ਐਨਕਾਊਂਟਰ ਹੋਇਆ ਹੈ।

ਯੂਪੀ ਐਸਟੀਐਫ ਦੀ ਤਰਫੋਂ ਏਡੀਜੀ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਦੱਸਿਆ ਕਿ ਅਤੀਕ ਅਹਿਮਦ ਦੇ ਪੁੱਤਰ ਅਸਦ ਨੂੰ ਜ਼ਿੰਦਾ ਫੜ੍ਹਨ ਦੀ ਕੋਸ਼ਿਸ਼ ਕੀਤੀ ਗਈ। ਅਸਦ ਅਤੇ ਗੁਲਾਮ ਨੇ ਯੂਪੀ ਐਸਟੀਐਫ ਟੀਮ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਅਸਦ ਆਧੁਨਿਕ ਹਥਿਆਰਾਂ ਨਾਲ ਫਾਇਰਿੰਗ ਕਰ



ਰਿਹਾ ਸੀ। ਐਸਟੀਐਫ ਦੀ ਟੀਮ ਲਗਾਤਾਰ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਮੁਕਾਬਲੇ ਤੋਂ ਪਹਿਲਾਂ ਦੋਵਾਂ ਦੀ ਗੋਲੀਬਾਰੀ ਤੋਂ ਬਾਅਦ ਐਸਟੀਐਫ ਵੱਲੋਂ ਜਵਾਬੀ ਗੋਲੀਬਾਰੀ ਕੀਤੀ ਗਈ। ਇਸ ਵਿੱਚ ਅਸਦ ਅਤੇ ਗੁਲਾਮ ਮਾਰੇ ਗਏ। ਯੂਪੀ ਐਸਟੀਐਫ ਦੇ ਏਡੀਜੀ ਨੇ ਦੱਸਿਆ ਕਿ ਉਨ੍ਹਾਂ ਕੋਲੋਂ ਆਧੁਨਿਕ ਹਥਿਆਰ ਬਰਾਮਦ ਕੀਤੇ ਗਏ ਹਨ।

ਜਿਵੇਂ ਹੀ ਝਾਂਸੀ ਵਿੱਚ ਅਸਦ ਅਹਿਮਦ ਅਤੇ ਮੁਹੰਮਦ ਗੁਲਾਮ ਦੇ ਐਨਕਾਊਂਟਰ ਦਾ ਮਾਮਲਾ ਪ੍ਰਯਾਗਰਾਜ ਅਦਾਲਤ ਵਿੱਚ ਪਹੁੰਚਿਆ ਤਾਂ ਉੱਥੇ ਮੌਜੂਦ ਵਕੀਲਾਂ ਨੇ ਖੁਸ਼ੀ ਵਿੱਚ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕੋਰਟ ਰੂਮ 'ਚ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਜ਼ਿੰਦਾਬਾਦ ਦੇ ਨਾਅਰੇ ਲਗਾਏ ਗਏ।

# ਦਿੱਲੀ ’ਚ ਕੋਰੋਨਾ ਦੇ ਕੇਸ ਵਧੇ, ਮਹਾਰਾਸ਼ਟਰ ’ਚ ਆਏ 1 ਹਜਾਰ ਤੋਂ ਵੱਧ ਮਾਮਲੇ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ): ਦੇਸ਼ 'ਚ ਇਕ ਵਾਰ ਫਿਰ ਤੋਂ ਕੋਰੋਨਾ ਦਾ ਡਰ ਵਧਣਾ ਸ਼ੁਰੂ ਹੋ ਗਿਆ ਹੈ। ਦੇਸ਼ ਦੇ ਕਈ ਸੂਬਿਆਂ ਤੋਂ ਕੋਰੋਨਾ ਦੇ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆ ਰਹੇ ਹਨ। ਵੀਰਵਾਰ ਨੂੰ ਰਾਜਧਾਨੀ ਦਿੱਲੀ 'ਚ ਕੋਰੋਨਾ ਦੇ 1527 ਨਵੇਂ ਮਾਮਲੇ ਦਰਜ ਕੀਤੇ ਗਏ, ਜਦਕਿ ਮਹਾਰਾਸ਼ਟਰ 'ਚ ਕੋਰੋਨਾ ਦੇ 1086 ਮਾਮਲੇ ਸਾਹਮਣੇ ਆਏ।

ਦਿੱਲੀ ਵਿੱਚ ਪਿਛਲੇ 24 ਘੰਟਿਆਂ ਵਿੱਚ, ਕੋਵਿਡ -19 ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ 909 ਲੋਕ ਠੀਕ ਹੋ ਗਏ ਹਨ। ਦਿੱਲੀ ਵਿੱਚ ਕੋਰੋਨਾ ਦੀ ਲਾਗ ਦੀ ਦਰ ਲਗਭਗ 28



ਪ੍ਰਤੀਸ਼ਤ ਹੈ। ਰਾਜਧਾਨੀ ਵਿੱਚ ਚਾਰ ਹਜ਼ਾਰ ਦੇ ਕਰੀਬ ਐਕਟਿਵ ਮਰੀਜ਼ ਹਨ। ਪਿਛਲੇ 24 ਘੰਟਿਆਂ ਵਿੱਚ ਦਿੱਲੀ ਵਿੱਚ ਕੋਰੋਨਾ ਦੇ ਕੁੱਲ 5499 ਟੈਸਟ ਕੀਤੇ ਗਏ ਅਤੇ 909 ਮਰੀਜ਼ ਠੀਕ ਹੋ ਗਏ ਹਨ।

ਮਹਾਰਾਸ਼ਟਰ 'ਚ ਪਿਛਲੇ 24 ਘੰਟਿਆਂ 'ਚ ਕੋਰੋਨਾ ਦੇ 1086 ਮਾਮਲੇ ਸਾਹਮਣੇ ਆਏ ਹਨ। ਇੱਥੇ ਇੱਕ ਵਿਅਕਤੀ ਦੀ ਕੋਰੋਨਾ ਨਾਲ ਮੌਤ ਹੋ ਗਈ ਹੈ। ਮਹਾਰਾਸ਼ਟਰ ਵਿੱਚ ਹੁਣ ਤੱਕ ਕੋਰੋਨਾ ਦੇ 5700 ਐਕਟਿਵ ਕੇਸ ਹਨ। ਦੇਸ਼ ਦੀ ਵਿੱਤੀ ਰਾਜਧਾਨੀ ਮੁੰਬਈ ਵਿੱਚ ਕੋਰੋਨਾ ਦੇ 274 ਨਵੇਂ ਮਾਮਲੇ ਸਾਹਮਣੇ ਆਏ ਹਨ। ਮੁੰਬਈ ਵਿੱਚ ਕੋਰੋਨਾ ਦੇ 1635 ਐਕਟਿਵ ਕੇਸ ਹਨ।

ਉਥੇ ਹੀ, ਉੱਤਰਾਖੰਡ ਵਿੱਚ ਕੋਰੋਨਾ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਰਾਜਧਾਨੀ ਦੇਹਰਾਦੂਨ 'ਚ ਕੋਰੋਨਾ ਦੇ 106 ਨਵੇਂ ਮਾਮਲੇ ਸਾਹਮਣੇ ਆਏ ਹਨ। ਉੱਤਰਾਖੰਡ 'ਚ ਕੋਰੋਨਾ ਦੇ 255 ਐਕਟਿਵ ਮਾਮਲੇ ਹਨ ਜਦਕਿ ਸੂਬੇ 'ਚ ਕੋਰੋਨਾ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਹੈ।

# ਟਵਿੱਟਰ ਦੇ ਸੀਈਓ ਰਹੇ ਪਰਾਗ ਅਗਰਵਾਲ ਨੇ ਐਲਨ ਮਸਕ ’ਤੇ ਕੀਤਾ ਮੁਕੱਦਮਾ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ): ਭਾਰਤੀ ਮੂਲ ਦੇ ਸਾਬਕਾ ਟਵਿੱਟਰ ਸੀਈਓ ਪਰਾਗ ਅਗਰਵਾਲ, ਸਾਬਕਾ ਕਾਨੂੰਨੀ ਮੁਖੀ ਵਿਜੇ ਗੱਡੇ ਅਤੇ ਸਾਬਕਾ ਮੁੱਖ ਵਿੱਤੀ ਅਧਿਕਾਰੀ ਨੇਡ ਸਹਿਗਲ ਨੇ 1 ਮਿਲੀਅਨ ਡਾਲਰ ਤੋਂ ਵੱਧ ਦੇ ਭੁਗਤਾਨ ਨਾ ਕੀਤੇ ਗਏ ਕਾਨੂੰਨੀ ਬਿੱਲਾਂ ਲਈ ਟਵਿੱਟਰ 'ਤੇ ਮੁਕੱਦਮਾ ਕੀਤਾ ਹੈ। ਪਿਛਲੇ ਸਾਲ ਅਕਤੂਬਰ ਵਿੱਚ ਐਲਨ ਮਸਕ ਨੇ ਅਗਰਵਾਲ, ਗੱਡੇ ਅਤੇ ਸਹਿਗਲ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਸਨ।



ਅਮਰੀਕਾ ਵਿੱਚ ਡੇਲਾਵੇਅਰ ਚਾਂਸਰੀ ਕੋਰਟ ਵਿੱਚ ਦਾਇਰ ਕੀਤੇ ਗਏ ਨਵੀਨਤਮ ਮੁਕੱਦਮੇ ਦੇ ਅਨੁਸਾਰ, ਤਿੰਨਾਂ ਨੇ ਦੋਸ਼ ਲਗਾਇਆ ਹੈ ਕਿ ਟਵਿੱਟਰ ਨੂੰ ਉਨ੍ਹਾਂ ਨੂੰ 1 ਮਿਲੀਅਨ ਡਾਲਰ ਤੋਂ ਵੱਧ ਦਾ ਭੁਗਤਾਨ ਕਰਨਾ ਹੋਵੇਗਾ। ਇਹ ਖਰਚੇ ਨਿਆਂ ਵਿਭਾਗ ਅਤੇ ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ (ਐਸਈਸੀ) ਦੁਆਰਾ ਸਵਾਲਾਂ ਦੇ ਜਵਾਬ ਦੇਣ ਲਈ ਕਈ ਸੁਣਵਾਈਆਂ ਵਿੱਚ ਕੀਤੇ ਗਏ ਸਨ। ਅਗਰਵਾਲ ਅਤੇ ਸਹਿਗਲ ਨੂੰ ਸਤੰਬਰ ਵਿੱਚ ਪ੍ਰਤੀਭੂਤੀ ਸ਼੍ਰੇਣੀ ਦੀ ਕਾਰਵਾਈ ਵਿੱਚ ਬਚਾਓ ਪੱਖ ਵਜੋਂ ਨਾਮਜ਼ਦ ਕੀਤਾ ਗਿਆ ਸੀ ਜਦੋਂ ਕਿ ਦੋਵੇਂ ਅਜੇ ਵੀ ਟਵਿੱਟਰ 'ਤੇ ਕੰਮ ਕਰ ਰਹੇ ਸਨ।

ਗੱਡੇ ਨੂੰ ਇਸ ਸਾਲ ਫਰਵਰੀ ਵਿੱਚ ਸਿਕਿਊਰਿਟੀਜ਼ ਕਲਾਸ ਐਕਸ਼ਨ ਵਿੱਚ ਇੱਕ ਪ੍ਰਤੀਵਾਦੀ ਦੇ ਰੂਪ ਵਿੱਚ ਨਾਮਜ਼ਦ ਕੀਤਾ ਗਿਆ। ਜਦੋਂ ਉਸ ਕਾਰਵਾਈ ਵਿੱਚ ਵਾਦੀ ਨੇ ਮੁਕਦਮੇ ਦੇ ਅਨੁਸਾਰ ਇੱਕ ਸੰਸ਼ੋਧਿਤ ਕਲਾਸ ਐਕਸ਼ਨ ਸ਼ਿਕਾਇਤ ਦਰਜ ਕੀਤੀ ਸੀ।

ਅਦਾਲਤੀ ਫਾਈਲਿੰਗ ਦੇ ਅਨੁਸਾਰ, ਤਿੰਨਾਂ ਨੇ ਕਈ ਕਾਰਵਾਈਆਂ ਦੇ ਸਬੰਧ ਵਿੱਚ ਅਟਾਰਨੀ ਦੀਆਂ ਫੀਸਾਂ ਅਤੇ ਖਰਚਿਆਂ ਸਮੇਤ ਮਹੱਤਵਪੂਰਨ ਖਰਚੇ ਕੀਤੇ। ਰਿਪੋਰਟਾਂ ਦੇ ਅਨੁਸਾਰ, ਟਵਿੱਟਰ ਛੱਡਣ ਤੋਂ ਬਾਅਦ ਇਨ੍ਹਾਂ ਤਿੰਨ ਉੱਚ ਅਧਿਕਾਰੀਆਂ ਨੂੰ ਲਗਭਗ 90-100 ਮਿਲੀਅਨ ਡਾਲਰ ਦਾ ਐਗਜ਼ਟਿ ਪੈਕੇਜ ਮਿਲਿਆ ਹੈ।

ਪਰਾਗ ਅਗਰਵਾਲ ਨੂੰ ਲਗਭਗ $40 ਮਿਲੀਅਨ ਦੀ ਸਭ ਤੋਂ ਵੱਡੀ ਅਦਾਇਗੀ ਮਿਲੀ, ਜਿਸ ਦਾ ਮੁੱਖ ਕਾਰਨ ਟਵਿੱਟਰ ਵਿੱਚ ਉਨ੍ਹਾਂ ਦੇ ਸ਼ੇਅਰ ਸਨ, ਜਿਹੜੇ ਉਨ੍ਹਾਂ ਨੂੰ ਨੌਕਰੀ ਤੋਂ ਕੱਢਣ ਤੋਂ ਬਾਅਦ ਮਿਲਣੇ ਸਨ। ਸਹਿਗਲ ਨੂੰ 25 ਮਿਲੀਅਨ ਡਾਲਰ ਤੋਂ ਵੱਧ ਮਿਲਿਆ, ਜਦੋਂ ਕਿ ਟਵਿੱਟਰ ਦੇ ਤਤਕਾਲੀ ਮੁੱਖ ਕਾਨੂੰਨੀ ਅਧਿਕਾਰੀ ਗੱਡੇ 13 ਮਿਲੀਅਨ ਡਾਲਰ ਤੋਂ ਵੱਧ ਅਮੀਰ ਬਣ ਗਏ ਸਨ।

# ਰਾਸ਼ਟਰੀ ਪਾਰਟੀ ਦਾ ਦਰਜਾ ਖੋਹਣ ਦੇ ਫੈਸਲੇ ਬਾਰੇ ਤ੍ਰਿਣਮੂਲ ਕਾਂਗਰਸ ਚੋਣ ਕਮਿਸ਼ਨ ਦੇ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਣ ’ਤੇ ਕਰ ਰਹੀ ਹੈ ਵਿਚਾਰ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ): ਰਾਸ਼ਟਰੀ ਪਾਰਟੀ ਦਾ ਦਰਜਾ ਖੋਹੇ ਜਾਣ ਤੋਂ ਬਾਅਦ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਚੋਣ ਕਮਿਸ਼ਨ ਦੇ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਣ ’ਤੇ ਵਿਚਾਰ ਕਰ ਰਹੀ ਹੈ। ਇਸ ਦੇ ਲਈ ਪਾਰਟੀ ਫਿਲਹਾਲ ਵਿਕਲਪ ਲੱਭ ਰਹੀ ਹੈ। ਬੀਤੇ ਦਿਨ ਚੋਣ ਕਮਿਸ਼ਨ ਨੇ ਸੋਮਵਾਰ ਨੂੰ ਆਪਣੇ ਇੱਕ ਫੈਸਲੇ ਵਿੱਚ ਤ੍ਰਿਣਮੂਲ ਕਾਂਗਰਸ, ਰਾਸ਼ਟਰਵਾਦੀ ਕਾਂਗਰਸ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਤੋਂ ਰਾਸ਼ਟਰੀ ਪਾਰਟੀ ਦਾ ਦਰਜਾ ਖੋਹ ਲਿਆ



ਸੀ।

ਚੋਣ ਕਮਿਸ਼ਨ ਦੇ ਇਸ ਫੈਸਲੇ ‘ਤੇ ਟੀਐਮਸੀ ਨੇ ਅਜੇ ਤੱਕ ਕੋਈ ਅਧਿਕਾਰਤ ਪ੍ਰਤੀਕਿਰਿਆ ਨਹੀਂ ਦਿੱਤੀ ਹੈ, ਪਰ ਪਾਰਟੀ ਨੇਤਾਵਾਂ ਦਾ ਕਹਿਣਾ ਹੈ ਕਿ ਟੀਐਮਸੀ ਇਸ ਫੈਸਲੇ ਨੂੰ ਕਾਨੂੰਨੀ ਤੌਰ ’ਤੇ ਚੁਣੌਤੀ ਦੇਣ ਲਈ ਵਿਕਲਪਾਂ ਦੀ ਖੋਜ ਕਰ ਰਹੀ ਹੈ। ਇਸ ਦੇ ਨਾਲ ਹੀ ਭਾਜਪਾ ਨੇ ਟੀਐਮਸੀ ਤੋਂ ਰਾਸ਼ਟਰੀ ਪਾਰਟੀ ਦਾ ਦਰਜਾ ਖੋਹਣ ‘ਤੇ ਚੁਟਕੀ ਲਈ ਹੈ।

ਪੱਛਮੀ ਬੰਗਾਲ ਭਾਜਪਾ ਦੇ ਪ੍ਰਧਾਨ ਸੁਕਾਂਤਾ ਮਜੂਮਦਾਰ ਨੇ ਟਵੀਟ ਕੀਤਾ, “ਟੀਐਮਸੀ ਤੋਂ ਇਸਦੀ ਰਾਸ਼ਟਰੀ ਪਾਰਟੀ ਦਾ ਦਰਜਾ ਖੋਹ ਲਿਆ ਗਿਆ ਹੈ ਅਤੇ ਹੁਣ ਇੱਕ ਖੇਤਰੀ ਪਾਰਟੀ ਹੈ। ਟੀਐਮਸੀ ਨੂੰ ਵੱਡਾ ਬਣਾਉਣ ਲਈ ਦੀਦੀ ਦੇ ਯਤਨ ਪੂਰੇ ਨਹੀਂ ਹੋ ਰਹੇ ਹਨ ਕਿਉਂਕਿ ਲੋਕ ਜਾਣ ਚੁੱਕੇ ਹਨ ਕਿ ਟੀਐਮਸੀ ਸਭ ਤੋਂ ਭ੍ਰਿਸ਼ਟ, ਤੁਸ਼ਟੀਕਰਨ ਅਤੇ ਦਹਿਸ਼ਤ ਫੈਲਾਉਣ ਵਾਲੀ ਸਰਕਾਰੀ ਪਾਰਟੀ ਹੈ। ਇਸ ਦੀ ਸਰਕਾਰ ਵੀ ਡਿੱਗਣੀ ਤੈਅ ਹੈ ਕਿਉਂਕਿ ਪੱਛਮੀ ਬੰਗਾਲ ਦੇ ਲੋਕ ਇਸ ਸਰਕਾਰ ਨੂੰ ਜ਼ਿਆਦਾ ਦੇਰ ਬਰਦਾਸ਼ਤ ਨਹੀਂ ਕਰਨਗੇ।

ਸੋਮਵਾਰ ਨੂੰ ਚੋਣ ਕਮਿਸ਼ਨ ਨੇ ਆਪਣੇ ਫੈਸਲੇ ਵਿਚ ਐੱਨ.ਸੀ.ਪੀ. ਅਤੇ ਟੀ.ਐੱਮ.ਸੀ. ਦਾ ਦਰਜਾ ਰਾਸ਼ਟਰੀ ਪਾਰਟੀ ਤੋਂ ਘਟਾ ਕੇ ਖੇਤਰੀ ਪਾਰਟੀ ਕਰ ਦਿੱਤਾ। ਟੀਐਮਸੀ ਅਤੇ ਐਨਸੀਪੀ ਤੋਂ ਰਾਸ਼ਟਰੀ ਪਾਰਟੀ ਦਾ ਦਰਜਾ ਖੋਹਣ ਦੇ ਨਾਲ, ਹੁਣ ਭਾਜਪਾ, ਕਾਂਗਰਸ, ਸੀਪੀਆਈ (ਐਮ), ਬਸਪਾ, ਨੈਸ਼ਨਲ ਪੀਪਲਜ਼ ਪਾਰਟੀ ਅਤੇ ਆਮ ਆਦਮੀ ਪਾਰਟੀ ਸਮੇਤ ਛੇ ਰਾਸ਼ਟਰੀ ਪਾਰਟੀਆਂ ਹਨ।

# ਚੀਨ ਦੇ ਇਤਰਾਜ਼ਾਂ ਦੌਰਾਨ ਅਰੁਣਾਚਲ ਪਹੁੰਚੇ ਅਮਿਤ ਸ਼ਾਹ, ਕਿਹਾ: ਸਾਡੀਆਂ ਸਰਹੱਦਾਂ ਸਾਡੇ ਸੈਨਿਕਾਂ ਦੀ ਬਹਾਦਰੀ ਨਾਲ ਸੁਰੱਖਿਅਤ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ): ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਅਰੁਣਾਚਲ ਪ੍ਰਦੇਸ਼ ਦੇ ਦੋ ਦਿਨਾਂ ਦੌਰੇ ‘ਤੇ ਹਨ। ਗ੍ਰਿਹ ਮੰਤਰੀ ਨੇ ਆਪਣੇ ਦੌਰੇ ਦੌਰਾਨ ਅਰੁਣਾਚਲ ਪ੍ਰਦੇਸ਼ ਨੂੰ ਕਈ ਤੋਹਫੇ ਦਿੱਤੇ। ਇਸ ਦੌਰਾਨ ਉਨ੍ਹਾਂ ਕਿਹਾ ਕਿ ਦੇਸ਼ ਦੀ ਸੂਈ ਦੀ ਨੋਕ ਜਿੰਨੀ ਜ਼ਮੀਨ ਕੋਈ ਨਹੀਂ ਲੈ ਸਕਦਾ। ਸਾਡੀਆਂ ਸਰਹੱਦਾਂ ਸਾਡੇ ਸੈਨਿਕਾਂ ਦੀ ਬਹਾਦਰੀ ਨਾਲ ਸੁਰੱਖਿਅਤ ਹਨ। ਅਮਿਤ ਸ਼ਾਹ ਚੀਨ ਦੇ ਇਤਰਾਜ਼ਾਂ ਦਰਮਿਆਨ ਅਰੁਣਾਚਲ ਪਹੁੰਚੇ ਸਨ।

ਅਮਿਤ ਸ਼ਾਹ ਦੇ ਅਰੁਣਾਚਲ ਦੌਰੇ ‘ਤੇ ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ, ”ਜਾਂਗਨਾਨ ਚੀਨ ਦਾ ਹਿੱਸਾ ਹੈ।” ਭਾਰਤ ਦੇ ਗ੍ਰਿਹ ਮੰਤਰੀ ਨੇ ਜਾਂਗਨਾਨ ਦਾ ਦੌਰਾ ਕਰਕੇ ਚੀਨ ਦੀ ਖੇਤਰੀ ਪ੍ਰਭੂਸੱਤਾ ਦੀ ਉਲੰਘਣਾ ਕੀਤੀ ਹੈ, ਜੋ ਚੀਨ ਦਾ ਹਿੱਸਾ ਹੈ। ਤੁਹਾਨੂੰ ਦੱਸ ਦਈਏ ਕਿ ਚੀਨ ਅਰੁਣਾਚਲ ਪ੍ਰਦੇਸ਼ ਨੂੰ ਜਾਂਗਨਾਨ ਕਹਿੰਦਾ ਹੈ।



ਅਰੁਣਾਚਲ ਪ੍ਰਦੇਸ਼ ਦੇ ਕਿਬਿਥੂ ਵਿਖੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਅੱਜ ਪੂਰਾ ਦੇਸ਼ ਆਪਣੇ ਘਰਾਂ ਵਿੱਚ ਸ਼ਾਂਤੀ ਨਾਲ ਸੌਂ ਸਕਦਾ ਹੈ ਕਿਉਂਕਿ ਸਾਡੇ ਆਈਟੀਬੀਪੀ ਦੇ ਜਵਾਨ ਅਤੇ ਫੌਜ ਸਾਡੀਆਂ ਸਰਹੱਦਾਂ ‘ਤੇ ਦਿਨ-ਰਾਤ ਕੰਮ ਕਰ ਰਹੇ ਹਨ। ਅੱਜ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਸਾਡੇ ਉੱਤੇ ਬੁਰੀ ਅੱਖ ਰੱਖਣ ਦੀ ਤਾਕਤ ਕਿਸੇ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਕੋਈ ਸਾਡੀ ਜ਼ਮੀਨ ਵੱਲ ਅੱਖਾਂ ਚੁੱਕ ਕੇ ਵੀ ਨਹੀਂ ਦੇਖ ਸਕਦਾ। ਸਾਡੀਆਂ ਸਰਹੱਦਾਂ ਸਾਡੇ ਸੈਨਿਕਾਂ ਦੀ ਬਹਾਦਰੀ ਨਾਲ ਸੁਰੱਖਿਅਤ ਹਨ। ਅਜਿਹੇ ‘ਚ ਸਾਡੀ ਸਰਹੱਦ ‘ਤੇ ਕਬਜ਼ੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦੇਸ਼ ਦੀ ਸੂਈ ਦੀ ਨੋਕ ਜਿੰਨੀ ਜ਼ਮੀਨ ਕੋਈ ਨਹੀਂ ਲੈ ਸਕਦਾ।

ਚੀਨ ਅਰੁਣਾਚਲ ਸਰਹੱਦ ‘ਤੇ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ । ਹਾਲ ਹੀ ਵਿੱਚ, ਚੀਨ ਨੇ ਅਰੁਣਾਚਲ ਦੇ ਕਈ ਪਿੰਡਾਂ ਦੇ ਚੀਨੀ ਨਾਮ ਜਾਰੀ ਕੀਤੇ ਸਨ, ਉਨ੍ਹਾਂ ਨੂੰ ਚੀਨ ਦਾ ਖੇਤਰ ਦੱਸਿਆ ਸੀ। ਭਾਰਤ ਨੇ ਇਸ ‘ਤੇ ਇਤਰਾਜ਼ ਜਤਾਇਆ ਹੈ। ਭਾਰਤ ਵਾਲੇ ਪਾਸੇ ਕਿਹਾ ਗਿਆ ਕਿ ਨਾਮ ਬਦਲਣ ਨਾਲ ਅਸਲੀਅਤ ਨਹੀਂ ਬਦਲੇਗੀ। ਇਸੇ ਰੰਜਿਸ਼ ਦੇ ਵਿਚਕਾਰ ਅਮਿਤ ਸ਼ਾਹ ਦਾ ਦੌਰਾ ਹੋਇਆ ਹੈ।

# ਜੈਲੇਂਸਕੀ ਨੇ ਮੋਦੀ ਨੂੰ ਪੱਤਰ ਲਿਖ ਕੇ ਦਵਾਈਆਂ ਅਤੇ ਮੈਡੀਕਲ ਉਪਕਰਣ ਦੇਣ ਦੀ ਕੀਤੀ ਅਪੀਲ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ): ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਪ੍ਰਧਾਨ ਮੰਤਰੀ ਨੂੰ ਇੱਕ ਪੱਤਰ ਲਿਖਿਆ ਹੈ। ਇਸ ਪੱਤਰ ਵਿੱਚ ਜ਼ੇਲੇਂਸਕੀ ਨੇ ਪੀਐਮ ਮੋਦੀ ਨੂੰ ਦਵਾਈਆਂ ਅਤੇ ਮੈਡੀਕਲ ਉਪਕਰਣਾਂ ਦੀ ਸਪਲਾਈ ਕਰਨ ਦੀ ਬੇਨਤੀ ਕੀਤੀ ਹੈ।



ਯੂਕਰੇਨ ਦੇ ਪਹਿਲੇ ਉਪ ਵਿਦੇਸ਼ ਮੰਤਰੀ ਐਮਿਨ ਜ਼ਾਪਾਰੋਵਾ ਨੇ ਭਾਰਤ ਸਰਕਾਰ ਨੂੰ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੁਆਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖਿਆ ਇੱਕ ਪੱਤਰ ਸੌਂਪਿਆ ਹੈ, ਜਿਸ ਵਿੱਚ ਦਵਾਈਆਂ ਅਤੇ ਮੈਡੀਕਲ ਉਪਕਰਣਾਂ ਸਮੇਤ ਵਾਧੂ ਮਾਨਵਤਾਵਾਦੀ ਸਪਲਾਈ ਦੀ ਬੇਨਤੀ ਕੀਤੀ ਗਈ ਹੈ।

ਮੰਤਰ 10 ਤੋਂ 12 ਅਪ੍ਰੈਲ ਤੱਕ ਭਾਰਤ ਦੇ ਅਧਿਕਾਰਤ ਦੌਰੇ 'ਤੇ ਸਨ, ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਮੋਦੀ ਨੂੰ ਯੂਕਰੇਨ ਦੇ ਰਾਸ਼ਟਰਪਤੀ ਦੁਆਰਾ ਸੰਬੋਧਿਤ ਪੱਤਰ ਵਿਦੇਸ਼ ਰਾਜ ਮੰਤਰੀ ਮੀਨਾਕਸ਼ੀ ਲੇਖੀ ਨੂੰ ਸੌਂਪਿਆ। ਇਹ ਜਾਣਕਾਰੀ ਵਿਦੇਸ਼ ਮੰਤਰਾਲੇ ਵੱਲੋਂ ਬੁੱਧਵਾਰ ਨੂੰ ਜਾਰੀ ਇਕ ਬਿਆਨ 'ਚ ਦਿੱਤੀ ਗਈ ਹੈ। ਭਾਰਤੀ ਮੈਡੀਕਲ ਵਿਦਿਆਰਥੀਆਂ ਦੇ ਮੁੱਦੇ 'ਤੇ, ਜ਼ਾਪਰੋਵਾ ਨੇ ਜ਼ਿਕਰ ਕੀਤਾ ਕਿ ਯੂਕਰੇਨ ਵਿਦੇਸ਼ੀ ਮੈਡੀਕਲ ਵਿਦਿਆਰਥੀਆਂ ਨੂੰ ਆਪਣੇ ਨਿਵਾਸ ਵਾਲੇ ਦੇਸ਼ ਵਿੱਚ ਯੂਨੀਫਾਈਡ ਸਟੇਟ ਯੋਗਤਾ ਪ੍ਰੀਖਿਆ ਦੇਣ ਦੀ ਇਜਾਜ਼ਤ ਦੇਵੇਗਾ।

ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਪੱਛਮੀ) ਸੰਜੇ ਵਰਮਾ ਨਾਲ ਮੁਲਾਕਾਤ ਦੌਰਾਨ ਜ਼ਾਪਰੋਵਾ ਨੇ ਉਨ੍ਹਾਂ ਨੂੰ ਯੂਕਰੇਨ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੱਤੀ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਯੂਕਰੇਨ ਦੇ ਮੰਤਰੀ ਨੇ ਇਹ ਵੀ ਪ੍ਰਸਤਾਵ ਦਿੱਤਾ ਕਿ ਯੂਕਰੇਨ ਵਿੱਚ ਬੁਨਿਆਦੀ ਢਾਂਚੇ ਦਾ ਪੁਨਰ ਨਿਰਮਾਣ ਭਾਰਤੀ ਕੰਪਨੀਆਂ ਲਈ ਇੱਕ ਮੌਕਾ ਹੋ ਸਕਦਾ ਹੈ।

# ਦਿੱਲੀ ਦੇ ਇਕ ਸਕੂਲ ਨੂੰ ਅੰਦਰ ਬੰਬ ਹੋਣ ਦੀ ਖ਼ਬਰ ਤੋਂ ਬਾਅਦ ਕਰਵਾਇਆ ਖ਼ਾਲੀ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ): ਦਿੱਲੀ ਦੀ ਡਿਫੈਂਸ ਕਾਲੋਨੀ 'ਚ ਸਥਿਤ ਇਕ ਸਕੂਲ ਕੰਪਲੈਕਸ ਨੂੰ ਬੁੱਧਵਾਰ ਸਵੇਰੇ ਉੱਥੇ ਬੰਬ ਹੋਣ ਦੀ ਖ਼ਬਰ ਤੋਂ ਬਾਅਦ ਖ਼ਾਲੀ ਕਰਵਾ ਲਿਆ ਗਿਆ ਅਤੇ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਬੰਬ ਨਿਰੋਧਕ ਦਸਤਾ ਅਤੇ ਹੋਰ ਏਜੰਸੀਆਂ ਨੇ ਵਿਸਫ਼ੋਟਕ ਪਦਾਰਥ ਦੀ ਤਲਾਸ਼ ਲਈ 'ਦਿ ਇੰਡੀਅਨ ਸਕੂਲ' ਦਾ ਨਿਰੀਖਣ ਕੀਤਾ। ਸਕੂਲ ਦੇ ਵਿਦਿਆਰਥੀ ਅਤੇ ਮਾਤਾ-ਪਿਤਾ ਘਬਰਾਏ ਹੋਏ ਸਨ। ਇਹ ਲੋਕ ਸਕੂਲ ਦੇ ਬਾਹਰ ਖੜ੍ਹੇ ਸਨ। ਇਕ ਸੀਨੀਅਰ ਪੁਲਸ ਅਧਿਕਾਰੀ ਨੇਦੱਸਿਆ ਕਿ ਬੀ.ਆਰ.ਟੀ. ਰੋਡ 'ਤੇ ਸਥਿਤ 'ਦਿ ਇੰਡੀਅਨ ਸਕੂਲ' ਦੇ ਬ੍ਰਜੇਸ਼ ਨਾਮ ਦੇ ਇਕ ਵਿਅਕਤੀ ਨੇ ਉਨ੍ਹਾਂ ਨੂੰ ਉਸ ਈ-ਮੇਲ ਦੀ ਜਾਣਕਾਰੀ ਦਿੱਤੀ, ਜਿਸ 'ਚ ਸਕੂਲ ਕੰਪਲੈਕਸ 'ਚ ਬੰਬ ਹੋਣ ਦੀ ਗੱਲ ਕਹੀ ਗਈ ਸੀ।

ਅਧਿਕਾਰੀ ਨੇ ਦੱਸਿਆ ਕਿ ਈ-ਮੇਲ ਸਵੇਰੇ ਕਰੀਬ 10.49 ਵਜੇ ਮਿਲੀ ਸੀ। ਅਧਿਕਾਰੀ ਨੇ ਦੱਸਿਆ ਕਿ ਸਕੂਲ ਖ਼ਾਲੀ ਕਰਵਾ ਲਿਆ ਗਿਆ ਹੈ ਅਤੇ ਸੰਬੰਧਤ ਟੀਮ ਵਲੋਂ ਸਕੂਲ ਕੰਪਲੈਕਸ ਦੀ ਜਾਂਚ ਕੀਤੀ ਜਾ ਰਹੀ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

# ਗੁਟਖਾ-ਪਾਨ ਮਸਾਲਾ ਮਿਕਸਿੰਗ ਉਤੇ ਸੁਪਰੀਮ ਕੋਰਟ ਸਖਤ, ਕਿਹਾ-‘ਤੁਸੀਂ ਕੋਈ ਵੀ ਅੰਮ੍ਰਿਤ ਨਹੀਂ ਵੇਚ ਰਹੇ’

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ): ਗੁਟਖਾ-ਪਾਨ ਮਸਾਲਾ ਦੀ ਵਿਕਰੀ 'ਤੇ ਪਾਬੰਦੀ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਵੀਰਵਾਰ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਸੁਪਰੀਮ ਕੋਰਟ ਨੇ ਇਸ ਦੌਰਾਨ ਟਿੱਪਣੀ ਕੀਤੀ ਹੈ ਕਿ ਤੁਸੀਂ ਕੋਈ ਅੰਮ੍ਰਿਤ ਨਹੀਂ ਵੇਚ ਰਹੇ ਹੋ। ਗੁਟਖਾ ਦੀ ਵਿਕਰੀ 'ਤੇ ਪੱਕੇ ਤੌਰ 'ਤੇ ਪਾਬੰਦੀ ਕਿਉਂ ਨਹੀਂ? ਇਸ 'ਤੇ ਤਾਮਿਲਨਾਡੂ ਸਰਕਾਰ ਦੇ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਪਾਬੰਦੀ ਨਹੀਂ ਲਗਾਈ ਜਾ ਸਕਦੀ, ਕਿਉਂਕਿ ਨਿਰਮਾਣ ਕੰਪਨੀਆਂ ਪਾਨ-ਮਸਾਲਾ ਅਤੇ ਤੰਬਾਕੂ ਵੱਖ-ਵੱਖ ਪਾਊਚਾਂ 'ਚ ਵੇਚਦੀਆਂ ਹਨ।

ਸੁਪਰੀਮ ਕੋਰਟ ਨੇ ਮਦਰਾਸ ਹਾਈ ਕੋਰਟ ਦੇ ਹੁਕਮਾਂ ਖ਼ਿਲਾਫ਼ ਤਾਮਿਲਨਾਡੂ ਸਰਕਾਰ ਵੱਲੋਂ ਦਾਇਰ ਪਟੀਸ਼ਨ 'ਤੇ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਦਰਅਸਲ, ਮਦਰਾਸ ਹਾਈ ਕੋਰਟ ਨੇ ਤਾਮਿਲਨਾਡੂ ਦੇ ਫੂਡ ਸੇਫਟੀ ਕਮਿਸ਼ਨਰ ਦੇ 2018 ਦੇ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਹੈ।



ਇਸ ਰਾਹੀਂ ਗੁਟਖਾ ਅਤੇ ਹੋਰ ਤੰਬਾਕੂ ਯੁਕਤ ਉਤਪਾਦਾਂ ਦੀ ਵਿਕਰੀ, ਨਿਰਮਾਣ ਅਤੇ ਢੋਆ-ਢੁਆਈ 'ਤੇ ਪਾਬੰਦੀ ਲਗਾਈ ਗਈ ਸੀ। ਤਾਮਿਲਨਾਡੂ ਸਰਕਾਰ ਨੇ ਇਸ ਨੂੰ ਰੱਦ ਕਰਨ ਦੇ ਹਾਈ ਕੋਰਟ ਦੇ ਹੁਕਮਾਂ ਵਿਰੁੱਧ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

ਜਸਟਿਸ ਕੇਐਮ ਜੋਸੇਫ ਅਤੇ ਜਸਟਿਸ ਬੀਵੀ ਨਾਗਰਤਨ ਦੀ ਬੈਂਚ ਨੇ ਸੁਣਵਾਈ ਕਰਦੇ ਹੋਏ ਸਰਕਾਰ ਨੂੰ ਪੁੱਛਿਆ ਕਿ ਹਰ ਸਾਲ ਅਜਿਹਾ ਨੋਟੀਫਿਕੇਸ਼ਨ ਜਾਰੀ ਕਰਨ ਦੀ ਬਜਾਏ ਇਸ 'ਤੇ ਪੱਕੇ ਤੌਰ 'ਤੇ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ? ਕੀ ਇਹ ਅੰਮ੍ਰਿਤ ਹੈ? ਇਸ ਦੇ ਜਵਾਬ 'ਚ ਕਪਿਲ ਸਿੱਬਲ ਨੇ ਕਿਹਾ, 'ਲੋਕ ਹਰ ਵਾਰ ਵੱਖ-ਵੱਖ ਪੁੜੀਆਂ ਖਰੀਦਦੇ ਹਨ ਅਤੇ ਇਸ 'ਚ ਮਿਲਾ ਕੇ ਗੁਟਕਾ ਬਣਾਉਂਦੇ ਹਨ। ਹੁਣ ਤੁਸੀਂ ਦੱਸੋ ਕਿ ਤੰਬਾਕੂ ਅਤੇ ਪਾਨ ਮਸਾਲਾ ਦੀ ਵਿਕਰੀ ਅਤੇ ਖਰੀਦ 'ਤੇ ਪਾਬੰਦੀ ਕਿਵੇਂ ਲਗਾਈਏ?' ਸੂਬਾ ਸਰਕਾਰ ਨੇ 2013 ਵਿੱਚ ਇਹ ਪਾਬੰਦੀ ਲਗਾਈ ਸੀ, ਪਰ ਇਹ ਅਸਥਾਈ ਸੀ। ਹਰ ਸਾਲ ਸਰਕਾਰ ਇਸ ਨੂੰ ਇਕ ਸਾਲ ਲਈ ਵਧਾ ਦਿੰਦੀ ਹੈ। ਫਿਰ ਉਹੀ ਅਦਾਲਤੀ ਕਾਰਵਾਈ ਹੁੰਦੀ ਹੈ। ਇਸ ਮਾਮਲੇ ਵਿਚ ਅਗਲੀ ਸੁਣਵਾਈ 18 ਅਪ੍ਰੈਲ ਨੂੰ ਹੋਵੇਗੀ।

# ਕੇਜਰੀਵਾਲ ਨੂੰ ਗੋਆ ਪੁਲਸ ਵਲੋਂ ਸੰਮਨ ਜਾਰੀ, 27 ਅਪ੍ਰੈਲ ਨੂੰ ਹੋਣਗੇ ਪੇਸ਼

ਪਣਜੀ, 13 ਅਪ੍ਰੈਲ (ਪੋਸਟ ਬਿਊਰੋ): ਗੋਆ ਪੁਲਿਸ ਨੇ ਵੀਰਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਜਨਤਕ ਜਾਇਦਾਦਾਂ 'ਤੇ ਗੈਰ-ਕਾਨੂੰਨੀ ਢੰਗ ਨਾਲ ਪੋਸਟਰ ਚਿਪਕਾਉਣ ਦੇ ਮਾਮਲੇ ਦੇ ਸਬੰਧ ਵਿਚ 27 ਅਪ੍ਰੈਲ ਨੂੰ ਪੇਸ਼ ਹੋਣ ਲਈ ਕਿਹਾ ਹੈ। ਪਰਨੇਮ ਪੁਲਿਸ ਸਟੇਸ਼ਨ ਦੇ ਇੰਸਪੈਕਟਰ ਦਲੀਪ ਕੁਮਾਰ ਹਲਰੰਕਰ ਨੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਫ਼ੌਜਦਾਰੀ ਜਾਬਤਾ ਦੀ ਧਾਰਾ 41 (ਏ) ਤਹਿਤ ਨੋਟਿਸ ਜਾਰੀ ਕੀਤਾ ਹੈ। ਫੌਜਦਾਰੀ ਜਾਬਤਾ ਦੀ ਧਾਰਾ 41 (ਏ) ਦੇ ਤਹਿਤ, ਪੁਲਿਸ ਕਿਸੇ ਵਿਅਕਤੀ ਨੂੰ ਪੁੱਛ-ਗਿੱਛ ਲਈ ਸੰਮਨ ਕਰ ਸਕਦੀ ਹੈ ਜੇਕਰ ਕੋਈ 'ਵਾਜਬ' ਸ਼ਿਕਾਇਤ ਜਾਂ ਸ਼ੱਕ ਹੈ ਕਿ ਉਸ ਨੇ ਕੋਈ ਅਪਰਾਧ ਕੀਤਾ ਹੈ। ਕੇਜਰੀਵਾਲ ਨੂੰ ਜਾਰੀ ਨੋਟਿਸ 'ਚ ਗੋਆ ਪੁਲਸ ਨੇ ਕਿਹਾ, "ਜਾਇਦਾਦ ਦੀ ਦੁਰਵਰਤੋਂ ਦੇ ਮਾਮਲੇ ਦੀ ਜਾਂਚ ਦੌਰਾਨ ਇਹ ਧਿਆਨ 'ਚ ਆਇਆ ਹੈ ਕਿ ਮੌਜੂਦਾ ਜਾਂਚ ਦੇ ਸੰਬੰਧ 'ਚ ਤੱਥਾਂ ਅਤੇ ਹਾਲਾਤਾਂ ਨੂੰ ਜਾਣਨ ਲਈ ਤੁਹਾਡੇ ਕੋਲੋਂ ਪੁੱਛ-ਗਿੱਛ ਕਰਨ ਲਈ ਵਾਜਬ ਆਧਾਰ ਮੌਜੂਦ ਹਨ। ”



## ਭਾਰਤ ਦੀ ਤਰੱਕੀ ਅਤੇ ਖ਼ੁਸ਼ਹਾਲੀ ਨਵੇਂ ਮੌਕੇ ਪੈਦਾ ਕਰ ਸਕਦੀ ਹੈ ਜਿਸ ਨਾਲ ਯੁਗਾਂਡਾ ਨੂੰ ਲਾਭ ਹੋ ਸਕਦੈ : ਐੱਸ ਜੈਸ਼ੰਕਰ

ਕੰਪਾਲਾ, 13 ਅਪ੍ਰੈਲ (ਪੋਸਟ ਬਿਊਰੋ): ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਦੀ ਤਰੱਕੀ ਤੇ ਖੁਸ਼ਹਾਲੀ ਨਵੇਂ ਮੌਕੇ ਪੈਦਾ ਕਰ ਸਕਦੀ ਹੈ ਜਿਸ ਨਾਲ ਯੁਗਾਂਡਾ ਨੂੰ ਲਾਭ ਹੋ ਸਕਦਾ ਹੈ। ਇੱਥੇ ਅੱਜ ਭਾਰਤੀ ਕਾਰੋਬਾਰੀ ਭਾਈਚਾਰੇ ਨਾਲ ਮੁਲਾਕਾਤ ਕਰਦਿਆਂ ਜੈਸ਼ੰਕਰ ਨੇ ਉਨ੍ਹਾਂ ਨੂੰ ਵਿਕਾਸ ਤੇ ਵਾਧੇ ਲਈ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਜ਼ਿਕਰਯੋਗ ਹੈ ਕਿ ਜੈਸ਼ੰਕਰ 10-15 ਅਪਰੈਲ ਤੱਕ ਯੁਗਾਂਡਾ ਤੇ ਮੋਜ਼ਮਬੀਕ ਦੇ ਦੌਰੇ ਉਤੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦਾ ਤਜਰਬਾ ਯੁਗਾਂਡਾ ਦੇ ਵਿਕਾਸ ’ਚ ਸਹਾਈ ਹੋ ਸਕਦਾ ਹੈ। ਜੈਸ਼ੰਕਰ ਨੇ ਯੂਕਰੇਨ ਜੰਗ ਕਾਰਨ ਭਾਰਤ ਨੂੰ ਆਈਆਂ ਮੁਸ਼ਕਲਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਜਦ ਸਾਲ ਪਹਿਲਾਂ ਯੂਕਰੇਨ ਜੰਗ ਸ਼ੁਰੂ ਹੋਈ ਸੀ, ਤਾਂ ਸਭ ਤੋਂ ਪਹਿਲਾਂ ਤੇਲ ਕੀਮਤਾਂ ਵਧੀਆਂ। ਉਸ ਤੋਂ ਜਲਦੀ ਬਾਅਦ ਕਣਕ ਦੀ ਕੀਮਤ ਵਧੀ। ਇਸ ਦਾ ਮੁੱਖ ਕਾਰਨ ਯੂਕਰੇਨ ਤੋਂ ਕਣਕ ਦੀ ਬਰਾਮਦ ਰੁਕਣਾ ਸੀ ਜੋ ਕਿ ਇਸ ਫ਼ਸਲ ਦਾ ਵੱਡਾ ਬਰਾਮਦਕਾਰ ਹੈ। ਉਨ੍ਹਾਂ ਕਿਹਾ ਕਿ ਜੋ ਗੱਲ ਸਾਰਿਆਂ ਦੇ ਬਹੁਤ ਘੱਟ ਧਿਆਨ ਵਿਚ ਆਈ, ਉਹ ਭਾਰਤ ਵਿਚ ਖਾਣਯੋਗ ਤੇਲਾਂ ਦੀ ਮੁਸ਼ਕਲ ਆਉਣਾ ਸੀ। ਭਾਰਤ ਯੂਕਰੇਨ ਤੋਂ ਸੂਰਜਮੁਖੀ ਦਾ ਤੇਲ ਮੰਗਵਾਉਂਦਾ ਹੈ, ਜਿਸ ਕਾਰਨ ਕੋਈ ਹੋਰ ਬਦਲ ਲੱਭਣ ਦਾ ਦਬਾਅ ਸੀ। ਇਸ ਲਈ ਭਾਰਤੀ ਦਰਾਮਦਕਾਰ ਰਵਾਇਤੀ ਸਰੋਤਾਂ ਨੂੰ ਛੱਡ ਆਸੀਆਨ ਮੁਲਕਾਂ ਵੱਲ ਮੁੜੇ। ਇਹ ਤਲਾਸ਼ ਬਾਅਦ ਵਿਚ ਉਨ੍ਹਾਂ ਨੂੰ ਲਾਤੀਨੀ ਅਮਰੀਕੀ ਮੁਲਕਾਂ ਵੱਲ ਲੈ ਗਈ। ਉਨ੍ਹਾਂ ਕਿਹਾ ਕਿ ਜੇ ਅੱਜ ਭਾਰਤ ਦਾ ਲਾਤੀਨੀ ਅਮਰੀਕੀ ਮੁਲਕਾਂ ਨਾਲ ਵਪਾਰ ਵਧਿਆ ਹੈ, ਤਾਂ ਇਸ ਵਿਚ ਵੱਡਾ ਹਿੱਸਾ ਈਂਧਨ ਤੇਲ ਦਾ ਹੈ, ਪਰ ਇਸ ਤੋਂ ਵੱਡਾ ਹਿੱਸਾ ਖਾਣ ਵਾਲੇ ਤੇਲਾਂ ਦਾ ਹੈ। ਭਾਰਤ ਇੰਡੋਨੇਸ਼ੀਆ ਤੇ ਮਲੇਸ਼ੀਆ ਤੋਂ ਪਾਮ ਦਾ ਤੇਲ ਜਦਕਿ ਬ੍ਰਾਜ਼ੀਲ ਤੇ ਅਰਜਨਟੀਨਾ ਤੋਂ ਸੋਇਆਬੀਨ ਦਾ ਤੇਲ ਵੱਡੀ ਮਿਕਦਾਰ ਵਿਚ ਮੰਗਵਾ ਰਿਹਾ ਹੈ।

## ਕੈਂਟਕੀ ਬੈਂਕ ਗੋਲ਼ੀਬਾਰੀ ਕਾਰਨ ਡਰੇ ਲੋਕ, 911 'ਤੇ ਕੀਤੀ ਕਾਲ, ਜ਼ਾਹਰ ਕੀਤਾ ਡਰ

* ਗੋਲ਼ੀਬਾਰੀ 'ਚ 5 ਲੋਕਾਂ ਦੀ ਮੌਤ ਤੇ ਕਈ ਜ਼ਖ਼ਮੀ

ਲੁਈਸਵਿਲ, 13 ਅਪ੍ਰੈਲ (ਪੋਸਟ ਬਿਊਰੋ): ਅਮਰੀਕਾ ਦੇ ਟੈਕਸਾਸ ਸੂਬੇ ਦੇ ਲੁਈਸਵਿਲੇ ਸ਼ਹਿਰ ਵਿੱਚ ਸਥਿਤ ਇੱਕ ਬੈਂਕ ਦੀ ਇਮਾਰਤ ਵਿੱਚ ਮੰਗਲਵਾਰ ਨੂੰ ਹੋਈ ਗੋਲੀਬਾਰੀ ਵਿੱਚ ਕਈ ਲੋਕ ਜ਼ਖਮੀ ਹੋ ਗਏ। ਅਚਾਨਕ ਕਈ ਹਮਲਾਵਰ ਬੈਂਕ ਦੀ ਇਮਾਰਤ ਦੇ ਅੰਦਰ ਵੜ ਗਏ। ਗੋਲੀਬਾਰੀ 'ਚ 5 ਲੋਕਾਂ ਦੀ ਮੌਤ ਹੋ ਗਈ ਅਤੇ 8 ਹੋਰ ਜ਼ਖਮੀ ਹੋ ਗਏ।



ਲੁਈਸਵਿਲੇ ਪੁਲਿਸ ਦੇ ਅਨੁਸਾਰ, ਗਵਾਹਾਂ ਨੇ ਇੱਕ ਬੈਂਕ ਵਿੱਚ ਵੱਡੇ ਪੱਧਰ 'ਤੇ ਗੋਲੀਬਾਰੀ ਦੀ ਰਿਪੋਰਟ ਕੀਤੀ, ਜਿਸ ਵਿੱਚ ਇੱਕ ਔਰਤ ਵੀ ਸ਼ਾਮਲ ਸੀ ਜਿਸ ਨੇ ਇੱਕ ਵਰਚੁਅਲ ਮੀਟਿੰਗ ਦੌਰਾਨ ਸ਼ੂਟਰ ਨੂੰ ਦੇਖਿਆ ਸੀ, ਜਿਸ ਨੇ 911 'ਤੇ ਕਾਲ ਕਰਕੇ ਕਿਹਾ ਸੀ ਕਿ ਉਸਦਾ ਪੁੱਤਰ 'ਇਸ ਵੇਲੇ ਇੱਕ ਬੰਦੂਕਧਾਰੀ ਦੇ ਸੰਪਰਕ ਵਿੱਚ ਸੀ' ਦੇ ਕਬਜ਼ੇ ਵਿੱਚ ਸੀ।

ਔਰਤ ਨੇ 911 'ਤੇ ਕਾਲ ਕੀਤੀ ਅਤੇ ਕਿਹਾ, 'ਮੈਨੂੰ ਤੁਹਾਡੀ ਮਦਦ ਦੀ ਲੋੜ ਹੈ'। ਮੇਰੇ ਬੱਚੇ ਨੇ ਕਦੇ ਕਿਸੇ ਨੂੰ ਦੁਖੀ ਨਹੀਂ ਕੀਤਾ, ਉਹ ਇੱਕ ਚੰਗਾ ਬੱਚਾ ਹੈ। ਔਰਤ ਨੇ ਦੱਸਿਆ ਕਿ ਉਹ ਬੱਚੇ ਦੀ ਮਾਂ ਹੈ ਜੋ ਗੰਨਮੈਨ ਦੇ ਕਬਜ਼ੇ ਵਿਚ ਹੈ। ਜਿਸ ਤੋਂ ਬਾਅਦ ਪਤਾ ਲੱਗਾ ਕਿ ਜਿਸ ਸਮੇਂ ਉਸ ਨੇ ਫੋਨ ਕੀਤਾ, ਉਸ ਸਮੇਂ ਗੰਨਮੈਨ ਪਹਿਲਾਂ ਹੀ ਬੈਂਕ 'ਚ ਮੌਜੂਦ ਸੀ। ਐਮਰਜੈਂਸੀ ਡਿਸਪੈਚਰ ਨੇ ਔਰਤ ਨੂੰ ਸੂਚਿਤ ਕੀਤਾ ਕਿ ਗੋਲੀਬਾਰੀ ਬਾਰੇ ਹੋਰ ਕਾਲਾਂ ਆ ਰਹੀਆਂ ਹਨ।

ਸਾਰੇ ਕਾਲਰ ਬੇਨਾਮ ਹਨ ਅਤੇ ਹੋਰ ਜਾਣਕਾਰੀ ਨੂੰ ਰੀਡੈਕਟ ਕੀਤਾ ਗਿਆ ਹੈ, ਪਰ ਪਹਿਲੀ ਕਾਲ ਇੱਕ ਔਰਤ ਦੀ ਸੀ ਜੋ ਬੈਂਕ ਦੇ ਅੰਦਰ ਇੱਕ ਵੀਡੀਓ ਕਾਲ 'ਤੇ ਸੀ। ਚਾਰ ਮਿੰਟ ਦੀ ਕਾਲ ਦੌਰਾਨ ਔਰਤ ਚੀਕਦੀ ਅਤੇ ਰੋਈ ਅਤੇ ਦੱਸਿਆ ਗਿਆ ਕਿ ਡਾਊਨਟਾਊਨ ਬ੍ਰਾਂਚ ਵਿੱਚ ਇੱਕ ਸਰਗਰਮ ਸ਼ੂਟਰ ਸੀ।

ਸੋਮਵਾਰ ਨੂੰ ਹੋਈ ਗੋਲ਼ੀਬਾਰੀ 'ਚ 5 ਲੋਕਾਂ ਦੀ ਮੌਤ ਅਤੇ 8 ਹੋਰ ਜ਼ਖ਼ਮੀ ਹੋ ਗਏ। ਘਟਨਾ ਸਥਾਨ 'ਤੇ ਪਹੁੰਚਣ ਦੇ ਕੁਝ ਮਿੰਟਾਂ ਦੇ ਅੰਦਰ ਹੀ, ਇੱਕ ਅਧਿਕਾਰੀ ਦੇ ਸਿਰ 'ਤੇ ਗੋਲ਼ੀ ਲੱਗਣ ਕਾਰਨ ਮੌਤ ਹੋ ਗਈ ਸੀ। ਲੁਈਸਵਿਲੇ ਮੈਟਰੋ ਪੁਲਿਸ ਵਿਭਾਗ ਦੇ ਡਿਪਟੀ ਚੀਫ਼ ਪਾਲ ਹੰਫਰੀ ਨੇ ਮੰਗਲਵਾਰ ਨੂੰ ਪੁਲਿਸ ਅਤੇ ਹਮਲਾਵਰ ਵਿਚਕਾਰ ਗੋਲੀਬਾਰੀ ਦੀਆਂ ਤਸਵੀਰਾਂ ਅਤੇ ਵੀਡੀਓ ਜਾਰੀ ਕੀਤੇ।

## ਇਕ ਅਰਬ ਡਾਲਰ ਦੀ ਧੋਖਾਧੜੀ ਦੇ ਮਾਮਲੇ 'ਚ ਦੋ ਭਾਰਤੀ ਮੂਲ ਦੇ ਉੱਦਮੀ ਦੋਸ਼ੀ ਕਰਾਰ

* ਹੋ ਸਕਦੀ ਹੈ 30 ਸਾਲ ਦੀ ਸਜ਼ਾ



ਸ਼ਿਕਾਗੋ, 13 ਅਪ੍ਰੈਲ (ਪੋਸਟ ਬਿਊਰੋ): ਸ਼ਿਕਾਗੋ ਸਥਿਤ ਸਟਾਰਟ-ਅੱਪ ਦੇ ਦੋ ਭਾਰਤੀ-ਅਮਰੀਕੀ ਐਗਜ਼ੈਕਟਿਵ ਰਿਸ਼ੀ ਸ਼ਾਹ ਅਤੇ ਸ਼ਰਧਾ ਅਗਰਵਾਲ ਨੂੰ ਅਰਬਾਂ ਡਾਲਰ ਦੀ ਧੋਖਾਧੜੀ ਦਾ ਦੋਸ਼ੀ ਠਹਿਰਾਇਆ ਗਿਆ ਹੈ। ਦੋਵਾਂ ਨੂੰ ਕੰਪਨੀ ਦੇ ਗਾਹਕਾਂ ਅਤੇ ਨਿਵੇਸ਼ਕਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਇੱਕ ਧੋਖਾਧੜੀ ਯੋਜਨਾ ਵਿੱਚ ਆਪਣੀਆਂ ਭੂਮਿਕਾਵਾਂ ਲਈ ਦੋਸ਼ੀ ਮੰਨਿਆ ਗਿਆ ਹੈ। ਉਨ੍ਹਾਂ ਨੂੰ ਮੇਲ ਫਰਾਡ ਦੇ 5 ਮਾਮਲਿਆਂ, ਤਾਰ ਧੋਖਾਧੜੀ ਦੇ 10 ਮਾਮਲਿਆਂ 'ਤੇ ਵੀ ਦੋਸ਼ੀ ਠਹਿਰਾਇਆ ਗਿਆ ਸੀ।

ਯੂਐੱਸ ਵਿੱਚ ਇੱਕ ਸੰਘੀ ਜਿਊਰੀ ਨੇ ਦੋਵਾਂ ਨੂੰ ਕੰਪਨੀ ਦੇ ਗਾਹਕਾਂ ਅਤੇ ਨਿਵੇਸ਼ਕਾਂ ਨੂੰ ਨਿਸ਼ਾਨਾ ਬਣਾਉਣ ਵਾਲੀ 1 ਬਿਲੀਅਨ ਡਾਲਰ ਦੀ ਕਾਰਪੋਰੇਟ ਧੋਖਾਧੜੀ ਯੋਜਨਾ ਚਲਾਉਣ ਲਈ ਦੋਸ਼ੀ ਠਹਿਰਾਇਆ ਹੈ। 10 ਹਫਤਿਆਂ ਦੇ ਲੰਬੇ ਮੁਕੱਦਮੇ ਤੋਂ ਬਾਅਦ, ਜੱਜਾਂ ਨੇ ਮੰਗਲਵਾਰ ਨੂੰ ਸਿਹਤ ਤਕਨਾਲੋਜੀ ਕੰਪਨੀ ਆਉਟਕਮ ਹੈਲਥ ਦੇ ਸਹਿ-ਸੰਸਥਾਪਕ ਅਤੇ ਸਾਬਕਾ ਸੀਈਓ ਰਿਸ਼ੀ ਸ਼ਾਹ ਨੂੰ 22 ਵਿੱਚੋਂ 19 ਮਾਮਲਿਆਂ ਵਿੱਚ, ਸਹਿ-ਸੰਸਥਾਪਕ ਅਤੇ ਸਾਬਕਾ ਪ੍ਰਧਾਨ ਸ਼ਰਧਾ ਅਗਰਵਾਲ ਨੂੰ 17 ਵਿੱਚੋਂ 15 ਵਿੱਚ ਦੋਸ਼ੀ ਠਹਿਰਾਇਆ ਹੈ ਅਤੇ ਸਾਬਕਾ ਮੁਖੀ ਨੂੰ ਬਰੀ ਕਰ ਦਿੱਤਾ। ਸੰਚਾਲਨ ਅਧਿਕਾਰੀ ਬ੍ਰੈਡ ਪਰਡੀ ਨੂੰ 15 ਵਿੱਚੋਂ 13 ਮਾਮਲਿਆਂ ਵਿਚ ਦੋਸ਼ੀ ਮੰਨਿਆ ਗਿਆ ਹੈ।

37 ਸਾਲਾ ਸ਼ਾਹ ਨੂੰ ਮੇਲ ਫਰਾਡ ਦੇ ਪੰਜ ਮਾਮਲਿਆਂ, ਵਾਇਰ ਫਰਾਡ ਦੇ 10, ਬੈਂਕ ਫਰਾਡ ਦੇ ਦੋ ਅਤੇ ਮਨੀ ਲਾਂਡਰਿੰਗ ਦੇ ਦੋ ਮਾਮਲਿਆਂ ਦਾ ਦੋਸ਼ੀ ਠਹਿਰਾਇਆ ਗਿਆ ਸੀ। ਬਚਾਅ ਪੱਖਾਂ ਨੂੰ ਬੈਂਕ ਧੋਖਾਧੜੀ ਦੀ ਹਰੇਕ ਗਿਣਤੀ ਲਈ ਵੱਧ ਤੋਂ ਵੱਧ 30 ਸਾਲ ਅਤੇ ਤਾਰ ਧੋਖਾਧੜੀ ਅਤੇ ਮੇਲ ਧੋਖਾਧੜੀ ਦੀ ਹਰੇਕ ਗਿਣਤੀ ਲਈ 20 ਸਾਲ ਦੀ ਕੈਦ ਹੋ ਸਕਦੀ ਹੈ। ਸ਼ਾਹ ਨੂੰ ਮਨੀ ਲਾਂਡਰਿੰਗ ਦੇ ਹਰੇਕ ਮਾਮਲੇ 'ਤੇ ਵੱਧ ਤੋਂ ਵੱਧ 10 ਸਾਲ ਦੀ ਸਜ਼ਾ ਹੋ ਸਕਦੀ ਹੈ। ਕੰਪਨੀ ਨੇ ਅਮਰੀਕਾ ਦੇ ਆਲੇ ਦੁਆਲੇ ਡਾਕਟਰਾਂ ਦੇ ਦਫਤਰਾਂ ਵਿੱਚ ਟੈਲੀਵਿਜ਼ਨ ਸਕ੍ਰੀਨਾਂ ਅਤੇ ਟੈਬਲੇਟਾਂ ਨੂੰ ਸਥਾਪਿਤ ਕੀਤਾ ਅਤੇ ਫਿਰ ਗਾਹਕਾਂ ਨੂੰ ਉਹਨਾਂ ਡਿਵਾਈਸਾਂ 'ਤੇ ਇਸ਼ਤਿਹਾਰਬਾਜ਼ੀ ਸਪੇਸ ਵੇਚਿਆ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਡਰੱਗ ਕੰਪਨੀਆਂ ਸਨ।

## ਮਿਆਂਮਾਰ ਫੌਜ ਵਲੋਂ ਪਿੰਡ ‘ਤੇ ਕੀਤੇ ਹਵਾਈ ਹਮਲੇ ਵਿਚ ਬੱਚਿਆਂ ਸਮੇਤ 100 ਦੇ ਕਰੀਬ ਲੋਕ ਮਰੇ

* ਬਾਗੀਆਂ ਦੇ ਲੁਕੇ ਹੋਣ ਦੀ ਮਿਲੀ ਸੀ ਸੂਚਨਾ

ਬਰਮਾ, 13 ਅਪ੍ਰੈਲ (ਪੋਸਟ ਬਿਊਰੋ): ਮੀਆਂਮਾਰ 'ਚ ਬਾਗੀਆਂ ਦੇ ਇਕ ਪ੍ਰੋਗਰਾਮ 'ਤੇ ਹੋਏ ਹਮਲੇ 'ਚ 100 ਲੋਕ ਮਾਰੇ ਗਏ। ਇਸ 'ਚ ਕੁਝ ਨਾਗਰਿਕਾਂ ਦੀ ਵੀ ਮੌਤ ਹੋ ਗਈ। ਕਿਉਂਕਿ ਉਹ "ਅੱਤਵਾਦੀਆਂ" ਦੀ ਮਦਦ ਕਰ ਰਹੇ ਸਨ। ਉੱਤਰ-ਪੱਛਮੀ ਮਿਆਂਮਾਰ ਦੇ ਸਾਗਾਇੰਗ ਖੇਤਰ ਵਿੱਚ ਮੰਗਲਵਾਰ ਦੇ ਹਵਾਈ ਹਮਲੇ ਵਿੱਚ ਬੱਚਿਆਂ ਸਮੇਤ 100 ਤੋਂ ਵੱਧ ਲੋਕ ਮਾਰੇ ਗਏ, ਜੋ ਹਾਲ ਹੀ ਵਿੱਚ ਕੀਤੇ ਗਏ ਫੌਜੀ ਹਵਾਈ ਹਮਲਿਆਂ ਵਿੱਚੋਂ ਸਭ ਤੋਂ ਘਾਤਕ ਸੀ। ਧਿਆਨ ਯੋਗ ਹੈ ਕਿ ਹਾਲ ਹੀ ਦੇ ਦਿਨਾਂ ਵਿੱਚ ਮਿਆਂਮਾਰ ਵਿੱਚ ਲਗਾਤਾਰ ਉਥਲ-ਪੁਥਲ ਦੇਖਣ ਨੂੰ ਮਿਲ ਰਹੀ ਹੈ। 2021 'ਚ ਤਖਤਾਪਲਟ ਤੋਂ ਬਾਅਦ ਦੇਸ਼ 'ਚ ਕਈ ਥਾਵਾਂ 'ਤੇ ਪ੍ਰਦਰਸ਼ਨ ਹੋਏ ਸਨ।



ਮਿਆਂਮਾਰ ਵਿੱਚ ਫੌਜੀ ਸ਼ਾਸਨ ਦੇ ਕੁਝ ਵਿਰੋਧੀਆਂ ਨੇ ਨਸਲੀ ਘੱਟ ਗਿਣਤੀ ਵਿਦਰੋਹੀਆਂ ਨਾਲ ਮਿਲ ਕੇ ਕਈ ਥਾਵਾਂ 'ਤੇ ਹਥਿਆਰ ਚੁੱਕੇ ਹਨ। ਜਿਸ ਦੇ ਜਵਾਬ 'ਚ ਫੌਜ ਵੱਲੋਂ ਰਿਹਾਇਸ਼ੀ ਇਲਾਕਿਆਂ ਸਮੇਤ ਹੋਰ ਥਾਵਾਂ 'ਤੇ ਹਵਾਈ ਹਮਲੇ ਕੀਤੇ ਗਏ ਹਨ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਸਾਗਿੰਗ ਵਿੱਚ ਹਵਾਈ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ ਹੈ।

ਫੌਜੀ ਬੁਲਾਰੇ ਜ਼ੌ ਮਿਨ ਤੁਨ ਨੇ ਮੰਗਲਵਾਰ ਦੇਰ ਰਾਤ ਫੌਜੀ ਪ੍ਰਸਾਰਣ ਚੈਨਲ ਨੂੰ ਦੱਸਿਆ ਕਿ ਰਾਸ਼ਟਰੀ ਏਕਤਾ ਸਰਕਾਰ (ਐਨਯੂਜੀ) ਵਲੋਂ ਉਨ੍ਹਾਂ ਦੇ ਹਥਿਆਰਬੰਦ ਪੀਪਲਜ਼ ਡਿਫੈਂਸ ਫੋਰਸ ਲਈ ਆਯੋਜਿਤ ਸਮਾਰੋਹ 'ਤੇ ਹਮਲੇ ਦਾ ਉਦੇਸ਼ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਬਹਾਲ ਕਰਨਾ ਸੀ। ਨਾਲ ਹੀ ਜ਼ੌ ਮਿਨ ਤੁਨ ਨੇ ਕਿਹਾ ਕਿ ਉਸ ਉਦਘਾਟਨ ਸਮਾਰੋਹ ਦੌਰਾਨ, ਅਸੀਂ ਹਮਲਾ ਕੀਤਾ। ਕਈ ਮੈਂਬਰ ਮਾਰੇ ਗਏ ਸਨ। ਉਹ ਦੇਸ਼ ਦੀ ਸਰਕਾਰ, ਦੇਸ਼ ਦੇ ਲੋਕਾਂ ਦਾ ਵਿਰੋਧ ਕਰ ਰਹੇ ਸਨ।" ਉਨ੍ਹਾਂ ਕਿਹਾ ਕਿ ਸਾਡੀ ਜ਼ਮੀਨੀ ਜਾਣਕਾਰੀ ਅਨੁਸਾਰ ਅਸੀਂ ਉਨ੍ਹਾਂ ਦੇ ਹਥਿਆਰਾਂ ਦੇ ਭੰਡਾਰਨ ਵਾਲੀ ਥਾਂ 'ਤੇ ਹਮਲਾ ਕੀਤਾ ਅਤੇ ਇਹ ਧਮਾਕਾ ਹੋਇਆ ਜਿਸ ਕਾਰਨ ਲੋਕਾਂ ਦੀ ਮੌਤ ਹੋ ਗਈ।

## ਆਸਟ੍ਰੇਲੀਆ ਦੇ ਸਿਹਤ ਅਧਿਕਾਰੀ ਨੇ ਕੋਵਿਡ ਮਾਮਲੇ ਵਧਣ ਦੀ ਦਿੱਤੀ ਚੇਤਾਵਨੀ

ਕੈਨਬਰਾ, 13 ਅਪ੍ਰੈਲ (ਪੋਸਟ ਬਿਊਰੋ): ਆਸਟ੍ਰੇਲੀਅਨ ਮੈਡੀਕਲ ਐਸੋਸੀਏਸ਼ਨ (ਏਐਮਏ) ਦੇ ਪ੍ਰਧਾਨ ਸਟੀਫਨ ਰੌਬਸਨ ਨੇ ਚੇਤਾਵਨੀ ਦਿੱਤੀ ਹੈ ਕਿ ਚਾਰ ਦਿਨਾਂ ਈਸਟਰ ਵੀਕੈਂਡ 'ਤੇ ਯਾਤਰਾ ਅਤੇ ਵੱਡੇ ਇਕੱਠਾਂ ਵਿੱਚ ਵਾਧਾ ਹੋਣ ਕਾਰਨ ਕੋਰੋਨਾ ਵਾਇਰਸ ਦੇ ਮਾਮਲਿਆਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ। ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਅਨੁਸਾਰ ਜ਼ਿਆਦਾਤਰ ਰਾਜਾਂ ਅਤੇ ਪ੍ਰਦੇਸ਼ਾਂ ਵਿੱਚ ਕੇਸਾਂ ਦੀ ਗਿਣਤੀ ਹਾਲ ਹੀ ਦੇ ਮਹੀਨਿਆਂ ਵਿੱਚ ਵੱਧ ਰਹੀ ਹੈ ਕਿਉਂਕਿ ਆਸਟ੍ਰੇਲੀਆ ਵਿਚ ਸਰਦੀਆਂ ਦਾ ਮੌਸਮ ਸ਼ੁਰੂ ਹੋ ਚੁੱਕਾ ਹੈ।



ਗਾਰਡੀਅਨ ਆਸਟ੍ਰੇਲੀਆ ਨੇ ਰੌਬਸਨ ਦੇ ਹਵਾਲੇ ਨਾਲ ਕਿਹਾ ਕਿ ਅਸੀਂ ਸਰਦੀਆਂ ਵਿੱਚ ਆ ਰਹੇ ਹਾਂ ਅਤੇ ਇੱਥੇ ਬਹੁਤ ਸਾਰੀਆਂ ਯਾਤਰਾਵਾਂ ਚੱਲ ਰਹੀਆਂ ਹਨ ਅਤੇ ਪਰਿਵਾਰਕ ਇਕੱਠ ਹੋ ਰਹੇ ਹਨ। ਇਕ ਅਨੁਮਾਨ ਮੁਤਾ-ਬਕ ਹੁਣ ਵਧੇਰੇ ਰੋਗ, ਵਧੇਰੇ ਬਿਮਾਰੀ, ਵਧੇਰੇ ਜਾਨਾਂ ਦਾ ਨੁਕਸਾਨ ਹੋਵੇਗਾ। ਦੇਸ਼ ਭਰ ਦੇ ਹਸਪਤਾਲਾਂ ਨੂੰ ਅਜੇ ਵੀ ਨਾ ਸਿਰਫ ਰੋਜ਼ਾਨਾ ਦੇ ਕਾਰੋਬਾਰ ਜਾਂ ਕੋਵਿਡ ਵਾਲੇ ਲੋਕਾਂ ਨਾਲ ਨਜਿੱਠਣ ਵਿੱਚ ਸਟਾਫ ਦੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਬਲਕਿ ਵੱਡੇ ਬੈਕਲਾਗ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਉਸਨੇ ਕਿਹਾ ਕਿ ਸਿਹਤ ਸੰਭਾਲ ਕਰਮਚਾਰੀਆਂ ਲਈ “ਇਹ ਅਜੇ ਵੀ ਬਹੁਤ ਸਪੱਸ਼ਟ ਹੈ” ਕਿ ਮਹਾਮਾਰੀ ਦਾ ਲੰਮਾ ਅਤੇ ਡੂੰਘਾ ਪ੍ਰਭਾਵ ਪਿਆ ਹੈ। 2020 ਦੇ ਸ਼ੁਰੂ ਵਿੱਚ ਮਹਾਮਾਰੀ ਦੇ ਫੈਲਣ ਤੋਂ ਬਾਅਦ ਆਸਟ੍ਰੇਲੀਆ ਵਿੱਚ ਕੁੱਲ 11,352,930 ਕੋਵਿਡ - 19 ਕੇਸ ਅਤੇ 19,933 ਮੌਤਾਂ ਹੋਈਆਂ ਹਨ।

ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ 3 ਅਪ੍ਰੈਲ ਤੋਂ ਸੱਤ ਦਿਨਾਂ ਵਿੱਚ ਹਰ ਰੋਜ਼ ਔਸਤਨ 3,963 ਨਵੇਂ ਕੇਸ ਸਾਹਮਣੇ ਆਏ, ਜੋ ਪਿਛਲੇ ਹਫ਼ਤੇ 3,757 ਤੋਂ ਵੱਧ ਹਨ। ਰੌਬਸਨ ਨੇ ਕਿਹਾ ਕਿ ਅਸਲ ਅੰਕੜਾ ਸੰਭਾਵਤ ਤੌਰ 'ਤੇ ਨਿਯਮਤ ਟੈਸਟਿੰਗ ਵਿੱਚ ਗਿਰਾਵਟ ਕਾਰਨ ਦੱਸੀ ਗਈ ਰਿਪੋਰਟ ਨਾਲੋਂ ਬਹੁਤ ਜ਼ਿਆਦਾ ਸੀ ਅਤੇ ਹਸਪਤਾਲ ਅਜੇ ਵੀ ਵੱਡੇ ਦਬਾਅ ਹੇਠ ਹਨ। ਬਜ਼ੁਰਗਾਂ ਦੀ ਦੇਖਭਾਲ ਦੀਆਂ ਸਹੂਲਤਾਂ ਵਿੱਚ ਹਾਲ ਹੀ ਦੇ ਹਫ਼ਤਿਆਂ ਵਿੱਚ ਕੇਸਾਂ ਦੀ ਗਿਣਤੀ ਲਗਭਗ 65 ਪ੍ਰਤੀਸ਼ਤ ਵਧੀ ਹੈ।

## ਗਰਭਪਾਤ ਦੀ ਗੋਲੀ ਦੇ ਫੈਸਲੇ ਕਾਰਨ ਦੋ ਅਮਰੀਕੀ ਅਦਾਲਤਾਂ ਵਿਚ ਵਿਵਾਦ

ਵਾਸ਼ਿੰਗਟਨ, 13 ਅਪ੍ਰੈਲ (ਪੋਸਟ ਬਿਊਰੋ): ਟੈਕਸਾਸ ਅਤੇ ਵਾਸ਼ਿੰਗਟਨ ਦੇ ਸੰਘੀ ਜੱਜਾਂ ਨੇ ਸ਼ੁੱਕਰਵਾਰ ਨੂੰ ਗਰਭਪਾਤ ਅਤੇ ਗਰਭਪਾਤ ਲਈ ਆਮ ਤੌਰ 'ਤੇ ਵਰਤੀ ਜਾਂਦੀ ਦਵਾਈ ਨੂੰ ਲੈ ਕੇ ਚੱਲ ਰਹੀ ਕਾਨੂੰਨੀ ਲੜਾਈ ਵਿਚ ਫੈਸਲੇ ਜਾਰੀ ਕਰਕੇ ਇਸ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਪਿਛਲੇ ਸਾਲ ਯੂਐਸ ਸੁਪਰੀਮ ਕੋਰਟ ਦੁਆਰਾ ਪ੍ਰਕਿਰਿਆ ਦੇ ਸੰਘੀ ਅਧਿਕਾਰਾਂ ਨੂੰ ਰੱਦ ਕਰਨ ਤੋਂ ਬਾਅਦ ਮਾਈਫੇਪ੍ਰਿਸਟੋਨ ਗੋਲੀਆਂ ਨੂੰ ਲੈ ਕੇ ਕਾਨੂੰਨੀ ਲੜਾਈ ਤੇਜ਼ ਹੋ ਗਈ ਹੈ।




ਗਰਭਪਾਤ ਦੀ ਗੋਲੀ ਸ਼ੁੱਕਰਵਾਰ ਨੂੰ ਦੋ ਵਿਰੋਧੀ ਸੰਘੀ ਅਦਾਲਤ ਦੇ ਫੈਸਲਿਆਂ ਦੇ ਕੇਂਦਰ ਵਿੱਚ ਸੀ। ਇੱਕ ਫੈਸਲੇ ਵਿੱਚ, ਟੈਕਸਾਸ ਵਿੱਚ ਇੱਕ ਸੰਘੀ ਜੱਜ ਨੇ ਨਿਆਂ ਵਿਭਾਗ ਨੂੰ ਅਪੀਲ ਕਰਨ ਲਈ ਸੱਤ ਦਿਨ ਦੇਣ ਲਈ ਗਰਭਪਾਤ ਦੀ ਗੋਲੀ ਦੀ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੀ ਮਨਜ਼ੂਰੀ ਨੂੰ ਰੋਕ ਦਿੱਤਾ ਅਤੇ ਸ਼ੁੱਕਰਵਾਰ ਦੀ ਰਾਤ ਨੂੰ, ਵਾਸ਼ਿੰਗਟਨ ਰਾਜ ਵਿੱਚ ਇੱਕ ਸੰਘੀ ਜੱਜ ਨੇ ਕਿਹਾ ਕਿ ਐਫਡੀਏ ਨੂੰ ਘੱਟੋ-ਘੱਟ 12 ਉਦਾਰ ਰਾਜਾਂ ਵਿੱਚ ਗਰਭਪਾਤ ਦੀ ਗੋਲੀ ਉਪਲਬਧ ਰੱਖਣੀ ਚਾਹੀਦੀ ਹੈ। ਗਰਭਪਾਤ ਦੀ ਗੋਲੀ "ਮਰਨਿੰਗ ਆਫਟਰ" ਗੋਲੀ ਤੋਂ ਵੱਖਰੀ ਹੈ, ਜੋ ਗਰਭਵਤੀ ਹੋਣ ਤੋਂ ਬਚਣ ਲਈ ਔਰਤ ਦੁਆਰਾ ਲਈ ਜਾਂਦੀ ਹੈ। ਇਸ ਵਿੱਚ ਪੂਰੀ ਪ੍ਰਕਿਰਿਆ ਵਿੱਚ ਇੱਕ ਤੋਂ ਵੱਧ ਗੋਲੀ ਸ਼ਾਮਲ ਹੁੰਦੀ ਹੈ।

## ਅਮਰੀਕੀ ਸੰਵੇਦਨਸ਼ੀਲ ਦਸਤਾਵੇਜ਼ਾਂ ਦਾ ਲੀਕ ਹੋਣਾ ਹੈ ਸੁਰੱਖਿਆ ਲਈ ਗੰਭੀਰ ਖਤਰਾ: ਮੇਘਰ

ਵਾਸ਼ਿੰਗਟਨ, 13 ਅਪ੍ਰੈਲ (ਪੋਸਟ ਬਿਊਰੋ): ਸੰਵੇਦਨਸ਼ੀਲ ਦਸਤਾਵੇਜ਼ਾਂ ਦੇ ਲੀਕ ਹੋਣ ਨੂੰ ਲੈ ਕੇ ਅਮਰੀਕਾ ਵਿੱਚ ਹੰਗਾਮਾ ਮਚ ਗਿਆ ਹੈ। ਪੈਂਟਾਗਨ ਨੇ ਕਿਹਾ ਹੈ ਕਿ ਦਸਤਾਵੇਜ਼ਾਂ ਦੇ ਲੀਕ ਹੋਣ ਨਾਲ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਗੰਭੀਰ ਖ਼ਤਰਾ ਹੈ। ਇਨ੍ਹਾਂ 'ਚੋਂ ਕਈ ਦਸਤਾਵੇਜ਼ ਯੂਕਰੇਨ ਯੁੱਧ ਨਾਲ ਸਬੰਧਤ ਹਨ। ਅਮਰੀਕੀ ਨਿਆਂ ਵਿਭਾਗ ਦਸਤਾਵੇਜ਼ ਦੇ ਲੀਕ ਹੋਣ ਦੀ ਜਾਂਚ ਕਰ ਰਿਹਾ ਹੈ। ਲੀਕ ਹੋਏ ਦਸਤਾਵੇਜ਼ਾਂ ਵਿੱਚ ਨਾ ਸਿਰਫ਼ ਮੁਲਾਂਕਣ ਅਤੇ ਖੁਫੀਆ ਰਿਪੋਰਟਾਂ ਸ਼ਾਮਲ ਹਨ, ਜੋ ਨਾ ਸਿਰਫ਼ ਯੂਕਰੇਨ ਅਤੇ ਰੂਸ ਦੇ ਸਗੋਂ ਅਮਰੀਕਾ ਦੇ ਸਹਿਯੋਗੀਆਂ ਦੇ ਬਹੁਤ ਹੀ ਸੰਵੇਦਨਸ਼ੀਲ ਵਿਸ਼ਲੇਸ਼ਣਾਂ ਨੂੰ ਛੂਹਦੀਆਂ ਹਨ।



ਜਨਤਕ ਮਾਮਲਿਆਂ ਲਈ ਰੱਖਿਆ ਸਕੱਤਰ ਦੇ ਸਹਾਇਕ ਕ੍ਰਿਸ ਮੇਘਰ ਨੇ ਕਿਹਾ ਕਿ 'ਆਨਲਾਈਨ ਪ੍ਰਸਾਰਿਤ ਕੀਤੇ ਗਏ ਦਸਤਾਵੇਜ਼' ਦੇਸ਼ ਦੀ ਸੁਰੱਖਿਆ ਲਈ ਗੰਭੀਰ ਖਤਰਾ ਹਨ ਅਤੇ ਗਲਤ ਜਾਣਕਾਰੀ ਫੈਲਾਉਣ ਦੀ ਸਮਰੱਥਾ ਰੱਖਦੇ ਹਨ। ਮੇਘਰ ਨੇ ਕਿਹਾ, "ਅਸੀਂ ਜਾਂਚ ਕਰ ਰਹੇ ਹਾਂ ਕਿ ਇਹ ਕਿਵੇਂ ਹੋਇਆ। ਇਹ ਪਤਾ ਲਗਾਉਣ ਲਈ ਕਦਮ ਚੁੱਕੇ ਗਏ ਹਨ ਕਿ ਇਸ ਤਰ੍ਹਾਂ ਦੀ ਜਾਣਕਾਰੀ ਕਿਵੇਂ ਅਤੇ ਕਿਸ ਨੂੰ ਪ੍ਰਸਾਰਿਤ ਕੀਤੀ ਗਈ ਹੈ।"

ਹਾਲ ਹੀ ਦੇ ਦਿਨਾਂ ਵਿੱਚ ਟਵਿੱਟਰ, ਟੈਲੀਗ੍ਰਾਮ, ਡਿਸਕਾਰਡ ਅਤੇ ਹੋਰ ਸਾਈਟਾਂ 'ਤੇ ਦਸਤਾਵੇਜ਼ਾਂ ਦੀਆਂ ਦਰਜਨਾਂ ਫੋਟੋਆਂ ਮਿਲੀਆਂ ਹਨ। ਹਾਲਾਂਕਿ ਪਿਛਲੇ ਹਫ਼ਤੇ ਕੁੱਝ ਨੇ ਮੀਡੀਆ ਦਾ ਧਿਆਨ ਖਿੱਚਣ ਤੋਂ ਪਹਿਲਾਂ ਕੁਝ ਹਫ਼ਤਿਆਂ ਲਈ ਔਨਲਾਈਨ ਪ੍ਰਸਾਰਿਤ ਕੀਤੇ ਹੋ ਸਕਦੇ ਹਨ।

ਕੀ ਦਸਤਾਵੇਜ਼ ਅਸਲੀ ਹਨ? ਮੇਘਰ ਨੇ ਇਸ ਸਵਾਲ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਉਸਨੇ ਕਿਹਾ ਕਿ ਪੈਂਟਾਗਨ ਦੀ ਇੱਕ ਟੀਮ ਇਸਦਾ ਮੁਲਾਂਕਣ ਕਰ ਰਹੀ ਹੈ, ਪਰ ਨੋਟ ਕੀਤਾ ਕਿ ਆਨਲਾਈਨ ਪ੍ਰਸਾਰਿਤ ਕੀਤੀਆਂ ਗਈਆਂ ਫੋਟੋਆਂ ਸੰਵੇਦਨਸ਼ੀਲ ਜਾਣਕਾਰੀ ਦਿਖਾਉਂਦੀਆਂ ਹਨ।

## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com
Address: 2023 William, Pkwy, Unit 3, Brampton, ON, L6S 5N1

Tri-City Professional Realty Inc., Brokerage. The Future of Real Estate
www.TriCityPro.com
Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

NEED MORE LISTINGS
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8






CASTLEMORE/GOREWAY




8337 ਗਲਫ ਲਾਈਨ




26 Yellow RomeRd

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial

## ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ


ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.




## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664


ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeep-kaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661




## ਲੜਕੇ ਦੀ ਲੋੜ

ਰਮਦਾਸੀਆ ਸਿੱਖ ਸੋਹਣੀ ਸੁਨੱਖੀ ਲੜਕੀ, ਕੱਦ 5 ਫੁੱਟ 7 ਇੰਚ, ਜਨਮ 1993, ਐੱਮ.ਟੈੱਕ, ਕੈਨੇਡਾ ਦੀ ਪੀ.ਆਰ., ਲਈ ਪ੍ਰੋਫੈਸ਼ਨਲੀ ਕੁਆਲੀਫਾਈਡ ਸਿੱਖ ਲੜਕੇ ਦੀ ਲੋੜ ਹੈ। ਲੜਕਾ ਪੀ.ਆਰ. ਹੋਣਾ ਚਾਹੀਦਾ ਹੈ ਅਤੇ ਕੈਨੇਡਾ ਵਿਚ ਕੰਮ ਕਰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਫੋਟੋ/ਬਾਇਓਡਾਟਾ sukhik0113@gmail.com ਉਤੇ ਭੇਜ ਸਕਦੇ ਹੋ। ਸੰਪਰਕ: +91 9868560322 ਜਾਂ 437 261 4061

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

Saini Sikh family living in Ontario seeks suitable match for their beautiful daughter born in India and raised in Canada since 2005, 27-year-old, slim 5'3" tall has a bachelor degree and a good job. Boy should be Sikh, educated, living and working in Canada. Please contact on +1 (289) 707- 4366.

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com



# ਮਨੁੱਖਤਾ ਦੀ ਬਰਾਬਰੀ ਦਾ ਆਦਰਸ਼ ਹੈ ਵਿਸਾਖੀ

ਹਰਕੀਰਤ ਕੌਰ
9779118066



ਵਿਸਾਖੀ ਦਾ ਤਿਉਹਾਰ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਦਿਵਸ ਨੂੰ ਨਵ- ਜਾਗ੍ਰਿਤੀ ਦਾ ਦਿਵਸ ਸਵੀਕਾਰ ਕੀਤਾ ਗਿਆ ਹੈ। ਇਸ ਪਾਵਨ ਦਿਹਾੜੇ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ ਚਰਨ ਪਾਹੁਲ ਦੀ ਜਗ੍ਹਾ ਖੰਡੇ - ਬਾਟੇ ਦੇ ਅੰਮ੍ਰਿ ਦਾ ਪ੍ਰਵਾਹ ਸ਼ੁਰੂ ਹੋਇਆ। ਵਿਸਾਖੀ ਦਾ ਦਿਨ ਖਾਲਸਾ ਸਿਰਜਣਾ ਦਿਵਸ ਦੇ ਸਰੂਪ ਵਿੱਚ ਨੀਯਤ ਹੈ। ਖਾਲਸਾ ਪੰਥ ਦੀ ਸਿਰਜਣਾ ਦੇ ਦੌਰ ਦੀ ਗੱਲ ਕਰੀਏ, ਤਾਂ ਪੂਰਾ ਸਮਾਜ ਆਮ ਤੇ ਖਾਸ, ਵਰਣਾਂ, ਜਾਤੀਆਂ, ਧਰਮਾਂ, ਬਰਾਦਰੀਆਂ ਵਿੱਚ ਵੰਡਿਆ ਹੋਇਆ ਸੀ।

ਮਨੁੱਖ ਦੀ ਪਛਾਣ ਉਸਦੇ ਮਜ਼ਬ ਅਤੇ ਜਾਤੀ ਦੇ ਆਧਾਰ ਤੇ ਹੁੰਦੀ ਰਹੀ ਹੈ। ਜਦ ਤੱਕ ਅਸੀਂ ਬੰਦੇ ਦੀ ਜਾਤੀ ਨਾ ਪਤਾ ਕਰ ਲਈਏ, ਸਾਨੂੰ ਉਸਨੂੰ ਜਾਨਣਾ ਅਧੂਰਾ ਲੱਗਦਾ ਹੈ। ਇਸਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਇਸੇ ਆਧਾਰ ਤੇ ਅਸੀ ਫ਼ੈਸਲਾ ਕਰਦੇ ਹਾਂ ਕਿ ਬੰਦੇ ਨਾਲ ਸਾਡੇ ਸੰਬੰਧਾਂ ਦਾ ਮੂੰਹ ਮੁਹਾਂਦਰਾ ਕਿਹੋ ਜਿਹਾ ਹੋਵੇਗਾ। ਉਸਨੂੰ ਅਸੀਂ ਆਪਣੀ ਜਾਤ ਤੋਂ ਉੱਚਾ ਸਮਝਾਂਗੇ ਜਾਂ ਨੀਵਾਂ! ਉਹ ਸਾਡੇ ਨਾਲ ਇੱਕੋ ਮੰਜੇ ਤੇ ਬੈਠਣ ਦੇ ਕਾਬਿਲ ਹੈ ਜਾਂ ਨਹੀਂ, ਸਾਡੇ ਨਾਲ ਉਸਦੀ ਕੋਈ ਰਿਸ਼ਤੇਦਾਰੀ ਬਣ ਸਕਦੀ ਹੈ ਜਾਂ ਨਹੀਂ!

ਇਸ ਦੇਸ਼ ਵਿੱਚ ਜਾਤੀ ਪ੍ਰਥਾ ਦੇ ਨਤੀਜੇ ਵਜੋਂ ਜਿਹੜਾ ਮਨੁੱਖ ਬਣਿਆ, ਉਹ ਗੈਰ ਬਰਾਬਰੀ ਦੀ ਮਾਨਸਿਕਤਾ ਲੈ ਕੇ ਹੀ ਬਣਿਆ। ਸਮਾਜ ਸ਼ਾਸ਼ਤਰੀ ਇਸਨੂੰ ਪੌੜੀ ਵਿਵਸਥਾ ਕਹਿੰਦੇ ਹਨ। ਇੱਕ ਵਰਗ ਸਭ ਤੋਂ ਉੱਤਲੀ ਪੌੜੀ ਤੇ ਖੜ੍ਹਾ ਹੈ, ਫਿਰ ਪੌੜੀ ਦਰ ਪੌੜੀ ਉਹ ਥੱਲੇ ਵੱਲ ਤੁਰਦਾ ਜਾਂਦਾ ਹੈ। ਇਸ ਦੀ ਅਖੀਰਲੀ ਪੌੜੀ ਕਿਹੜੀ ਹੈ ਇਸ ਬਾਰੇ ਕਿਸੇ ਨੂੰ ਕੋਈ ਇਲਮ ਨਹੀਂ ਹੈ। ਅਜਿਹੀ ਗੈਰ ਬਰਾਬਰੀ ਵਿੱਚ ਇੱਕ ਵਰਗ ਦੂਸਰੇ ਵਰਗ ਦੀ ਅਧੀਨਤਾ ਅਤੇ ਤਾਨਾਸ਼ਾਹੀ ਰੂਪ ਨੂੰ ਸਹਾਰਦਾ ਆਇਆ ਹੈ। ਮਨੁੱਖੀ ਗੈਰ ਬਰਾਬਰੀ ਦੀ ਮਾਨਤਾ ਪੂਰੀ ਦੁਨੀਆਂ ਵਿੱਚ ਛਾਈ ਹੋਈ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਇੱਕ ਅਜਿਹਾ ਰੱਬੀ ਮਿਸ਼ਨ ਚਲਾਇਆ, ਜਿਸ ਵਿੱਚ ਸਿੱਖ ਧਰਮ ਦੇ ਪੈਗੰਬਰ ਨਿਮਾਣਿਆਂ ਦਾ ਮਾਣ ਅਤੇ ਨਿਤਾਣਿਆਂ ਦੇ ਤਾਣ ਬਣੇ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਨੀਚ ਤੇ ਸ਼ੂਦਰ ਅਖਵਾਉਂਣ ਵਾਲਿਆਂ ਨੂੰ ਗਲ ਨਾਲ ਲਾਇਆ ਅਤੇ ਫੁਰਮਾਇਆ

" ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।। ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।

ਨਾਲ ਹੀ ਫੁਰਮਾਇਆ :-

"ਜਿਥੇ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।। "

ਭਾਵ ਕਿ ਪਰਮਾਤਮਾ ਦੀ ਬਖਸ਼ਿਸ਼ ਦੀ ਦ੍ਰਿਸਟੀ ਉੱਥੇ ਪੈਂਦੀ ਹੈ, ਜਿੱਥੇ ਨੀਚ ਸਮਝੇ ਜਾਣ ਵਾਲੇ ਲੋਕਾਂ ਨੂੰ ਸੰਭਾਲਿਆ ਜਾਂਦਾ ਹੈ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਖਾਲਸਾ ਪੰਥ ਪ੍ਰਗਟ ਕਰ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭੇ ਮਿਸ਼ਨ ਨੂੰ ਸੰਪੂਰਨਤਾ ਬਖਸ਼ੀ। ਜਿਸ ਸਚਿਆਰ ਅਥਵਾ ਗੁਰਮੁਖ ਦੀ ਘਾੜਤ, ਸ਼ਬਦ ਦੀ ਸੱਚੀ ਟਕਸਾਲ ਵਿੱਚ ਗੁਰੂ ਸਾਹਿਬ ਨੇ ਘੜੀ, ਜਿਸ ਨੂੰ ਨੌਂ ਪਾਤਸ਼ਾਹੀਆਂ ਨੇ ਸਜਾਇਆ, ਸੰਵਾ- ਰਆ ਅਤੇ ਸ਼ਿੰਗਾਰਿਆ, ਦਸਮ ਪਾਤਸ਼ਾਹ ਨੇ ਉਸ ਆਦਰਸ਼ਕ ਮਨੁੱਖ ਦੀ ਅਗੰਮੀ ਪ੍ਰੀਖਿਆ ਲੈਣ ਉਪਰੰਤ ਉਸਨੂੰ ਖਾਲਸਾ ਦੇ ਨਾਮ 'ਤੇ ਪੱਦਵੀ ਨਾਲ ਸੁਸ਼ੋਭਿਤ ਕੀਤਾ। ਗੁਰੂ ਗੋਬਿੰਦ ਸਿੰਘ ਨੇ ਜਿਹੜੇ ਪੰਜ ਬੰਦਿਆਂ ਨੂੰ ਅੰਮ੍ਰਿ ਛਕਾਇਆ, ਉਨ੍ਹਾਂ ਵਿੱਚੋਂ ਚਾਰ ਸ਼ੂਦਰ ਸਮਝੇ ਜਾਂਦੇ ਸਨ। ਪਹਾੜੀ ਰਾਜਪੂਤ ਰਾਜੇ ਗੁਰੂ ਗੋਬਿੰਦ ਸਿੰਘ ਜੀ ਨਾਲ ਖਾਰ ਇਸ ਕਰਕੇ ਖਾਂਦੇ ਸਨ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਰਾਜਪੂਤਾਂ ਦੇ ਵਿਚਾਰਾਂ ਵਿੱਚ ਇੱਕ ਬੁਨਿਆਦੀ ਫਰਕ ਸੀ। ਗੁਰੂ ਗੋਬਿੰਦ ਸਿੰਘ ਜੀ ਮਨੁੱਖੀ ਬਰਾਬਰੀ ਦੇ ਅਲੰਬਰਦਾਰ ਸਨ। ਜਿਸਦਾ ਪ੍ਰਗਟਾਵਾ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਨੇ ਕੁੱਲ ਕਾਇਨਾਤ ਦੇ ਸਾਹਮਣੇ ਕੀਤਾ। ਵਿਸਾਖੀ ਦੇ ਦਿਹਾੜੇ ਤੇ ਖਾਲਸਾ ਪੰਥ ਦੀ ਸਾਜਨਾ ਨੇ ਜੋਸ਼ ਦਾ ਅਜਿਹਾ ਪ੍ਰਕਾਸ਼ ਫੈਲਾਇਆ ਕਿ ਸਿੰਘ ਸਜਣ ਤੋਂ ਪਹਿਲਾਂ ਜਿੰਨਾਂ ਨੇ ਕਦੇ ਤਲਵਾਰ ਹੱਥ ਵਿੱਚ ਨਹੀਂ ਸੀ ਫੜ੍ਹ ਵੇਖੀ, ਉਹ ਖਾਲਸਾ ਫੌਜ ਦਾ ਹਿੱਸਾ ਬਣੇ। ਰਾਜਪੂਤਾਂ, ਮੁਗਲਾਂ, ਰਾਜਿਆਂ ਨੇ ਕਦੇ ਨਹੀਂ ਸੀ ਸੋਚਿਆ ਕਿ ਨੀਵੀਂ ਜਾਤ ਦੇ ਸਮਝੇ ਜਾਣ ਵਾਲੇ ਸ਼ੂਦਰ ਲੋਕ ਵੀ ਕਦੇ ਤਲਵਾਰਾਂ ਫੜ੍ਹ ਉਨਾਂ ਦਾ ਮੁਕਾਬਲਾ ਕਰਨਗੇ।

ਮਨੁੱਖੀ ਬਰਾਬਰੀ ਅਤੇ ਉਚ ਨੀਚ ਦੀ ਮਾਨਸਿਕਤਾ ਦਾ ਖੰਡਨ ਕਰਦੇ ਹੋਏ ਗੁਰੂ ਸਾਹਿਬ ਨੇ ਵਿਸਾਖੀ ਵਾਲੇ ਦਿਨ ਸਾਰੇ ਸਿੱਖਾਂ ਨੂੰ ਇੱਕੋ ਬਾਟੇ ਵਿਚੋਂ ਅੰਮ੍ਰਿ ਛਕਾਇਆ ਅਤੇ ਮਨੁੱਖੀ ਬਰਾਬਰਤਾ ਦਾ ਸਭ ਤੋਂ ਵੱਡਾ ਪ੍ਰਮਾਣ ਦਿੱਤਾ। ਵਿਸਾਖੀ " ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ " ਦਾ ਪ੍ਰਮਾਣ ਹੈ।

ਪਰ ਅਜੋਕੇ ਹਾਲਾਤ ਵੇਖ ਕਈ ਵਾਰ ਮਹਿਸੂਸ ਹੁੰਦਾ ਹੈ ਕਿ ਅਸੀਂ ਆਪਣੇ ਆਦਰਸ਼ਾਂ ਤੋਂ ਭਟਕ ਰਹੇ ਹਾਂ। ਅੱਜ ਸਿੱਖ ਪੰ੍ਤਿਵਾਦ ਤੇ ਜਾਤ ਪਾਤ ਦੇ ਬੰਧਨਾਂ ਵਿੱਚ ਫਸ ਰਿਹਾ ਹੈ। ਜਿਸ ਦੀ ਮਿਸਾਲ ਪਿੰਡਾਂ ਵਿੱਚ ਵੱਖਰੀਆਂ ਵੱਖਰੀਆਂ ਜਾਤਾਂ ਦੇ ਬਣੇ ਗੁਰੂਦੁਆਰੇ ਹਨ। ਅੱਜ ਦੇ ਪਵਿੱਤਰ ਦਿਹਾੜੇ ਤੇ ਗੁਰ ਸਾਹਿਬ ਨੇ ਜਿਸ ਖੰਡੇ ਬਾਟੇ ਦੇ ਅੰਮ੍ਰਿ, ਬਾਣੀ ਤੇ ਬਾਣੀ ਦੇ ਸੁਮੇਲ ਨੇ ਖਾਲਸੇ ਦਾ ਇਤਹਾਸ ਰਚਿਆ, ਅਸੀਂ ਉਸ ਰਹਿਤ ਨੂੰ ਪਿੱਠ ਦਿਖਾ ਦੇਹਧਾਰੀ, ਜਾਤ ਪਾਤ, ਵਹਿਮ ਭਰਮ ਤੇ ਨਸ਼ਿਆ ਦੇ ਜਾਲ ਵਿੱਚ ਫਸ ਪਤਿਤ ਹੋ ਰਹੇ ਹਾਂ।

ਜਾਗਦੀ ਜ਼ਮੀਰ ਵਾਲੇ ਪੰਥ ਪ੍ਰਸਤ, ਨੇਕ ਤੇ ਸੂਝਵਾਨ ਸਿੱਖ ਇਸ ਅਧੋਗਤੀ ਅਤੇ ਨਿਰਾਸ਼ਤਾ ਵਿਚੋਂ ਖਾਲਸੇ ਨੂੰ ਕੱਢ ਸਿੱਖ ਸਿਧਾਂਤ, ਇਖਲਾਕ ਅਤੇ ਆਦਰਸ਼ ਨੂੰ ਮੁੜ ਉਜਾਗਰ ਕਰਨ ਲਈ ਦ੍ਰਿੜ ਸਕੰਲਪ ਲੈਣ, ਤਾਂ ਜੋ ਖਾਲਸਾ ਇੱਕ ਵਾਰ ਫਿਰ ਗੈਰ ਬਰਾਬਰਤਾ ਨੂੰ ਤਿਆਗ ਆਪਣੇ ਇਤਿਹਾਸਕ ਸਨਮਾਨ ਅਤੇ ਪ੍ਰਸ਼ਿਠਤਾ ਨੂੰ ਮੁੜ ਸੁਰਜੀਤ ਕਰ ਸਕੇ।

## ਮਿਸੀਸਾਗਾ ਵਿੱਚ ਜਲਦ ਸ਼ੁਰੂ ਹੋਵੇਗੀ ਫਾਇਰਫਾਈਟਰਜ਼ ਦੀ ਭਰਤੀ

...ਪੰਨਾ 1 ਦਾ ਬਾਕੀ

ਇਸ ਦੇ ਨਾਲ ਹੀ ਇੱਕ ਹੋਰ ਸੈਸ਼ਨ 21 ਅਪਰੈਲ, 2023 ਨੂੰ ਫਾਇਰ ਸਟੇਸ਼ਨ 101 ਉੱਤੇ ਸ਼ਾਮੀਂ 6:00 ਵਜੇ ਤੋਂ 8:00 ਵਜੇ ਤੱਕ 15 ਫੇਅਰਵਿਊ ਰੋਡ ਵੈਸਟ, ਮਿਸੀਸਾਗਾ, ਓਨ ਐਲ5ਬੀ 1ਕੇ7 ਉੱਤੇ ਹੋਵੇਗਾ। ਇਹ ਸੈਸ਼ਨ ਮੁੱਖ ਤੌਰ ਉੱਤੇ ਮਹਿਲਾਵਾਂ ਲਈ ਹੋਵ- ੇਗਾ। ਸੈਸ਼ਨ ਤਾਂ ਸਾਰਿਆਂ ਲਈ ਖੁੱਲ੍ਹਾ ਹੋਵੇਗਾ ਪਰ ਬਹੁਤਾ ਧਿਆਨ ਫਾਇਰਫਾਈਟਿੰਗ ਨਾਲ ਜੁੜੀਆਂ ਮਹਿਲਾਵਾਂ ਉੱਤੇ ਕੇਂਦਰਿਤ ਕੀਤਾ ਜਾਵੇਗਾ। ਸੈਸ਼ਨ ਦੌਰਾਨ ਨਿਜੀ ਕਿੱਸੇ ਸੁਣੇ ਜਾਣਗੇ, ਕਰੀਅਰ ਸਬੰਧੀ ਸਲਾਹ ਹਾਸਲ ਕੀਤੀ ਜਾ ਸਕੇਗੀ ਤੇ ਅਗਾਂਹ ਵਧਣ ਦੇ ਮੌਕਿਆਂ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕੇਗੀ।

29 ਅਪਰੈਲ ਦਿਨ ਸ਼ਨਿੱਚਰਵਾਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ ਦੇ 12:00 ਵਜੇ ਤੱਕ ਫਾਇਰ ਸਟੇਸ਼ਨ 120 ਉੱਤੇ 125 ਐਗਲਿੰਟਨ ਐਵਨਿਊ ਵੈਸਟ, ਮਿਸੀਸਾਗਾ, ਓਨ ਐਲ5ਐਮ0ਪੀ4 ਉੱਤੇ ਵੀ ਸੈਸ਼ਨ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ 13 ਮਈ ਦਿਨ ਸ਼ਨਿੱਚਰਵਾਰ ਨੂੰ ਵੀ ਫਾਇਰ ਸਟੇਸ਼ਨ 122 ਉੱਤੇ ਸਵੇਰੇ 10:00 ਵਜੇ ਤੋਂ ਦੁਪਹਿਰ ਦੇ 12:00 ਵਜੇ ਤੱਕ 3600 ਥਾਮਸ ਸਟਰੀਟ, ਮਿਸੀਸਾਗਾ, ਓਨ ਐਲ5ਐਮ7ਈ2 ਉੱਤੇ ਸੈਸ਼ਨ ਕਰਵਾਇਆ ਜਾਵੇਗਾ।

ਇਸ ਦੇ ਨਾਲ ਹੀ ਵਰਚੂਅਲ ਸੈਸ਼ਨ ਵੀ ਕਰਵਾਏ ਜਾਣਗੇ। ਇਨ੍ਹਾਂ ਸੈਸ਼ਨਜ਼ ਵਿੱਚ ਉਹ ਲੋਕ ਹਿੱਸਾ ਲੈ ਸਕਣਗੇ ਜਿਹੜੇ ਦੂਰ ਹੋਣ ਕਾਰਨ ਜਾਂ ਉਪਲਬਧ ਨਾ ਹੋਣ ਕਾਰਨ ਇਨ ਪਰਸਨ ਸੈਸ਼ਨਜ਼ ਵਿੱਚ ਹਿੱਸਾ ਨਹੀਂ ਲੈ ਸਕਣਗੇ। ਇਹ ਸੈਸ਼ਨ 26 ਮਈ ਦਿਨ ਸ਼ੁੱਕਰਵਾਰ ਨੂੰ ਸ਼ਾਮੀਂ 7:00 ਵਜੇ ਤੋਂ 8:00 ਵਜੇ ਤੱਕ ਹੋਵੇਗਾ। ਇਸ ਲਈ ਜਲਦ ਹੀ ਰਜਿਸਟ੍ਰੇਸ਼ਨ ਖੁੱਲ੍ਹ ਜਾਵੇਗੀ। ਇੱਕ ਹੋਰ ਵਰਚੂਅਲ ਸੈਸ਼ਨ 5 ਜੂਨ, ਦਿਨ ਸੋਮਵਾਰ ਨੂੰ ਸ਼ਾਮੀਂ 7:00 ਵਜੇ ਤੋਂ 8:00 ਵਜੇ ਤੱਕ ਕਰਵਾਇਆ ਜਾਵੇਗਾ। ਇਸ ਲਈ ਵੀ ਜਲਦ ਹੀ ਰਜਿਸਟ੍ਰੇਸ਼ਨ ਖੁੱਲ੍ਹੇਗੀ। ਜ਼ਿਕਰਯੋਗ ਹੈ ਕਿ ਐਮਐਫਈਐਸ ਦੇ ਸਫਲ ਫਾਇਰਫਾਈਟਿੰਗ ਰੰਗਰੂਟਾਂ ਨੂੰ ਚੰਗੀ ਤਨਖਾਹ, ਬੈਨੇਫਿਟ ਤੇ ਪੈਨਸ਼ਨ ਕੰਪਨਸੇਸ਼ਨ ਪਲੈਨ ਮਿਲੇਗਾ।

## ਸਾਇੰਸ ਸੈਂਟਰ ਨੂੰ ਓਨਟਾਰੀਓ ਪਲੇਸ ਲੈ ਕੇ ਆਉਣ ਦੇ ਵਿਚਾਰ ਉੱਤੇ ਫੋਰਡ ਨੇ ਪ੍ਰਗਟਾਈ ਸਹਿਮਤੀ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਇਸ ਸੈਂਟਰ ਨੂੰ ਸ਼ਿਫਟ ਕਰਨ ਨਾਲ 5000 ਨਵੇਂ ਘਰਾਂ ਲਈ ਥਾਂ ਪੱਧਰੀ ਹੋ ਜਾਵੇਗੀ ਤੇ ਇਨ੍ਹਾਂ ਵਿੱਚੋਂ 1500 ਕਿਫਾਇਤੀ ਘਰ ਹੋਣਗੇ।


ਫੋਰਡ ਨੇ ਇਸ ਨੂੰ ਸੁਨਹਿਰਾ ਮੌਕਾ ਦੱਸਿਆ। ਇਸ ਦੌਰਾਨ ਕਾਊਂਸਲਰ ਤੇ ਮੇਅਰ ਦੇ ਅਹੁਦੇ ਦੇ ਉਮੀਦਵਾਰ ਜੋਸ਼ ਮੈਟਲੋਅ ਨੇ ਆਖਿਆ ਕਿ ਫੋਰਡ ਨੂੰ ਆਪਣੀਆਂ ਟਿੱਪਣੀਆਂ ਉੱਤੇ ਮੁੜ ਵਿਚਾਰ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਜਿਸ ਕਮਿਊਨਿਟੀ ਵਿੱਚ ਸਾਇੰਸ ਸੈਂਟਰ ਹੈ ਉਸ ਲਈ ਅਜਿਹਾ ਕਦਮ ਚੁੱਕਿਆ ਜਾਣਾ ਗੰਭੀਰ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ। ਜਿਸ ਥਾਂ ਉੱਤੇ ਓਨਟਾਰੀਓ ਪਲੇਸ ਹੈ ਉਸ ਦੀ ਨੁਮਾਇੰਦਗੀ ਕਰਨ ਵਾਲੇ ਕ੍ਰਿਸ ਗਲੋਵਰ ਨੇ ਇਹ ਮੰਨਿਆ ਕਿ ਘਰਾਂ ਦੇ ਨਿਰਮਾਣ ਦੀ ਬਹੁਤ ਲੋੜ ਹੈ ਪਰ ਪ੍ਰੀਮੀਅਰ ਦੀਆਂ ਟਿੱਪਣੀਆਂ ਨੂੰ ਉਨ੍ਹਾਂ ਅਲੋਕਾਰਾ ਦੱਸਿਆ।

ਮੇਅਰ ਦੇ ਅਹੁਦੇ ਦੀ ਇੱਕ ਹੋਰ ਉਮੀਦਵਾਰ ਮਿਤਜ਼ੀ ਹੰਟਰ ਨੇ ਆਖਿਆ ਕਿ ਕਿਸੇ ਵੀ ਥਾਂ ਦੇ ਪੁਨਰਵਿਕਾਸ ਲਈ ਜਨਤਾ ਦੀ ਰਾਇ ਲਈ ਜਾਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਸਿਟੀ ਦੇ ਤਾਜ਼ਾ ਪ੍ਰਸਤਾਵ ਨੂੰ ਕਾਫੀ ਤਾਂਘਵਾਣ ਦੱਸਿਆ ਪਰ ਇਹ ਵੀ ਆਖਿਆ ਕਿ ਇਸ ਲਈ ਵੱਡੇ ਪੱਧਰ ਉੱਤੇ ਐਡਜਸਟਮੈਂਟ ਦੀ ਲੋੜ ਹੈ।


## ਨਿੱਕੇ ਪ੍ਰੋਜੈਕਟਸ ਤੇ ਲਾਈਵ ਮਿਊਜ਼ਿਕ ਗ੍ਰਾਂਟਸ ਲਈ ਸਵੀਕਾਰੀਆਂ ਜਾ ਰਹੀਆਂ ਹਨ ਅਰਜ਼ੀਆਂ

...ਪੰਨਾ 1 ਦਾ ਬਾਕੀ

ਲਾਈਵ ਮਿਊਜ਼ਿਕ ਗ੍ਰਾਂਟ ਪ੍ਰੋਗਰਾਮ ਮੁਨਾਫੇ ਵਾਲਾ ਪ੍ਰੋਗਰਾਮ ਹੈ ਜਿਸ ਤਹਿਤ ਮਿਸੀਸਾਗਾ ਵਾਸੀਆਂ ਤੇ ਵਿਜ਼ਿਟਰਜ਼ ਲਈ ਸੇਫ ਤੇ ਵਿਲੱਖਣ ਲਾਈਵ ਮਿਊਜ਼ਿਕ ਈਵੈਂਟ ਕਰਵਾਉਣ ਲਈ ਖਰਚਿਆਂ ਵਾਸਤੇ ਫੰਡਿੰਗ ਮੁਹੱਈਆ ਕਰਵਾਈ ਜਾਂਦੀ ਹੈ। ਇਹ ਪ੍ਰੋਗਰਾਮ ਸਿਟੀ ਦੀ ਮਿਊਜ਼ਿਕ ਸਟ੍ਰੈਟੇਜੀ ਨਾਲ ਜੁੜਿਆ ਹੈ ਤੇ ਇਸ ਦੀ ਸ਼ੁਰੂਆਤ ਮਿਸੀਸਾਗਾ ਵਿੱਚ ਲਾਈਵ ਮਿਊਜ਼ਿਕ ਈਵੈਂਟਸ ਦੀ ਤਾਦਾਦ ਵਧਾਉਣ ਲਈ ਕੀਤੀ ਗਈ ਹੈ। ਇਸ ਲਈ ਵਰਚੂਅਲ ਸੈਸ਼ਨ 17 ਅਪਰੈਲ ਨੂੰ ਦੁਪਹਿਰੇ 12:00 ਵਜੇ ਤੋਂ 1:00 ਵਜੇ ਤੱਕ ਅਤੇ 26 ਅਪਰੈਲ ਨੂੰ ਸ਼ਾਮੀਂ 6:00 ਵਜੇ ਤੋਂ 7:00 ਵਜੇ ਤੱਕ ਕਰਵਾਇਆ ਜਾਵੇਗਾ। ਜਿਹੜੇ ਇਸ ਲਈ ਅਪਲਾਈ ਕਰਨਾ ਚਾਹੁੰਦੇ ਹਨ ਉਨ੍ਹਾਂ ਦਾ ਵਰਚੂਅਲ ਇਨਫਰਮੇਸ਼ਨ ਸੈਸ਼ਨ ਵਿੱਚ ਹਿੱਸਾ ਲੈਣਾ ਜ਼ਰੂਰੀ ਹੈ ਜਾਂ ਫਿਰ ਉਨ੍ਹਾਂ ਨੂੰ ਪਿਛਲੇ ਦੋ ਸਾਲਾਂ ਵਿੱਚ ਸਿਟੀ ਵੱਲੋਂ ਫੰਡਿੰਗ ਹਾਸਲ ਹੋਈ ਹੋਵੇ।



ਆਲ ਗ੍ਰਾਂਟ ਸਬੰਧੀ ਅਰਜ਼ੀਆਂ ਆਨਲਾਈਨ mississauga.ca/grants ਉੱਤੇ ਜਮ੍ਹਾਂ ਕਰਵਾਈਆਂ ਜਾਣੀਆਂ ਜ਼ਰੂਰੀ ਹਨ। ਇਸ ਸਬੰਧ ਵਿੱਚ ਸਮਾਲ ਪ੍ਰੋਜੈਕਟਸ ਮੈਚਿੰਗ ਗ੍ਰਾਂਟ ਲਈ ਡੈੱਡਲਾਈਨ 14 ਅਪਰੈਲ, 2023 ਦਿਨ ਸ਼ੁੱਕਰਵਾਰ ਨੂੰ ਦੁਪਹਿਰੇ 4:30 ਵਜੇ ਤੱਕ ਰੱਖੀ ਗਈ ਹੈ ਤੇ ਲਾਈਵ ਮਿਊਜ਼ਿਕ ਗ੍ਰਾਂਟ ਲਈ ਡੈੱਡਲਾਈਨ ਪਹਿਲੀ ਮਈ, ਦਿਨ ਸੋਮਵਾਰ ਦੁਪਹਿਰ ਦੇ 4:30 ਤੱਕ ਰੱਖੀ ਗਈ ਹੈ। ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ application guidelines ਦਾ ਮੁਲਾਂਕਣ ਕੀਤਾ ਜਾਵੇ। ਕਿਸੇ ਵੀ ਵਰਚੂਅਲ ਸੈਸ਼ਨ ਲਈ ਰਜਿਸਟਰ ਕਰਨ ਵਾਸਤੇ grantsinfo@mississauga.ca ਉੱਤੇ ਈਮੇਲ ਭੇਜ ਕੇ ਉਸ ਤਰੀਕ ਤੇ ਸਮੇਂ ਦਾ ਵੇਰਵਾ ਦਿਓ ਜਿਸ ਸੈਸ਼ਨ ਨੂੰ ਤੁਸੀਂ ਅਟੈਂਡ ਕਰਨਾ ਚਾਹੁੰਦੇ ਹੋਂ।




## ਰੂਸ ’ਚ ਜਵਾਲਾਮੁਖੀ ਫਟਣ ਨਾਲ 10 ਕਿਲੋਮੀਟਰ ਤੱਕ ਉਠੀ ਰਾਖ, ਫਲਾਈਟ ਸੇਵਾਵਾਂ ਪ੍ਰਭਾਵਿਤ

ਮਾਸਕੋ, 13 ਅਪ੍ਰੈਲ (ਪੋਸਟ ਬਿਊਰੋ): ਰੂਸ ਦੇ ਕਾਮਚਟਕਾ ਪ੍ਰਾਇਦੀਪ ਵਿਚ ਸ਼ਿਵੇਲੁਚ ਜਵਾਲਾਮੁਖੀ ਮੰਗਲਵਾਰ ਨੂੰ ਫਟ ਗਿਆ, ਜਿਸ ਨਾਲ ਅਸਮਾਨ ਵਿੱਚ




10 ਕਿਲੋਮੀਟਰ ਤੱਕ ਰਾਖ ਫੈਲ ਗਈ। ਇਸ ਤੋਂ ਬਾਅਦ ਏਅਰਲਾਈਨਾਂ ਨੂੰ ਇੱਕ ਕੋਡ ਰੈੱਡ ਵੋਲਕੇਨੋ ਆਬਜ਼ਰਵੇਟਰੀ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਕਿਸੇ ਵੀ ਸਮੇਂ 15 ਕਿਲੋਮੀਟਰ ਦੀ ਉੱਚਾਈ ਤੱਕ ਰਾਖ ਫਟ ਸਕਦੀ ਹੈ, ਜੋ ਕਿ ਜਹਾਜ਼ਾਂ ਲਈ ਖਤਰਨਾਕ ਹੈ।

ਸ਼ਿਵਲੁਚ ਜੁਆਲਾਮੁਖੀ ਪ੍ਰਾਇਦੀਪ ਵਿੱਚ ਸਭ ਤੋਂ ਵੱਧ ਸਰਗਰਮ ਜੁਆਲਾਮੁਖੀ ਵਿੱਚੋਂ ਇੱਕ ਹੈ ਅਤੇ ਰਾਖ ਦਾ ਪਲੂਮ ਹਵਾਈ ਆਵਾਜਾਈ ਲਈ ਇੱਕ ਵੱਡਾ ਖ਼ਤਰਾ ਹੈ। ਟੀਮ ਦਾ ਕਹਿਣਾ ਹੈ ਕਿ ਜਵਾਲਾਮੁਖੀ ਦੀ ਗਤੀਵਿਧੀ ਅੰਤਰਰਾਸ਼ਟਰੀ ਅਤੇ ਘੱਟ ਉੱਡਣ ਵਾਲੇ ਜਹਾਜ਼ਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਰਸ਼ੀਅਨ ਅਕੈਡਮੀ ਆਫ਼ ਸਾਇੰਸਿਜ਼ ਦੇ ਭੂ-ਭੌਤਿਕ ਸਰਵੇਖਣ ਦੀ ਕਾਮਚਟਕਾ ਸ਼ਾਖਾ ਦੇ ਨਿਰਦੇਸ਼ਕ ਦਾਨੀਲਾ ਚੇਬਰੋਵ ਦਾ ਕਹਿਣਾ ਹੈ ਕਿ ਜਵਾਲਾਮੁਖੀ ਸਥਾਨਕ ਸਮੇਂ ਅਨੁਸਾਰ ਸਵੇਰੇ 6:31 ਵਜੇ ਫਟਿਆ। ਫਟਣ ਤੋਂ ਬਾਅਦ ਰਾਖ 10 ਕਿਲੋਮੀਟਰ ਦੀ ਉਚਾਈ 'ਤੇ ਪਹੁੰਚ ਗਈ।

ਇਸ ਤੋਂ ਬਾਅਦ ਰਾਖ ਦਾ ਬੱਦਲ 108,000 ਵਰਗ ਕਿਲੋਮੀਟਰ ਦੇ ਖੇਤਰ ਵਿਚ ਫੈਲ ਗਿਆ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਕਾਫੀ ਰਾਖ ਫੈਲ ਗਈ। ਦੱਸਿਆ ਜਾ ਰਿਹਾ ਹੈ ਕਿ ਰਾਖ ਦੇ ਬੱਦਲ ਫੈਲਣ ਦੀ ਸੰਭਾਵਨਾ ਅਜੇ ਵੀ ਬਣੀ ਰਹੇਗੀ।

ਸਥਾਨਕ ਲੋਕ ਸੋਸ਼ਲ ਮੀਡੀਆ 'ਤੇ ਇਸ ਜਗ੍ਹਾ ਦੀਆਂ ਤਸਵੀਰਾਂ ਸ਼ੇਅਰ ਕਰ ਰਹੇ ਹਨ, ਜਿਸ 'ਚ ਚਾਰੇ ਪਾਸੇ ਕਾਲੇ ਜਵਾਲਾਮੁਖੀ ਦੀ ਰਾਖ ਦਿਖਾਈ ਦੇ ਰਹੀ ਹੈ ਅਤੇ ਸਭ ਕੁਝ ਇਸ ਰਾਖ ਦੇ ਹੇਠਾਂ ਢੱਕਿਆ ਹੋਇਆ ਹੈ।



# ਸਿਨਸਿਨਾਟੀ ਵਿਖੇ ਸਿੱਖ ਯੂਥ ਸਿਮਪੋਜ਼ੀਅਮ 2023 ਦਾ ਆਯੋਜਨ

ਸਿਨਸਿਨਾਟੀ, ਓਹਾਇਓ, 13 ਅਪ੍ਰੈਲ (ਸਮੀਪ ਸਿੰਘ ਗੁਮਟਾਲਾ): ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵਲੋਂ ਕਰਵਾਏ ਜਾਂਦੇ ਸਲਾਨਾ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਸਥਾਨਕ ਪੱਧਰ ਦੇ ਭਾਸ਼ਨ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ ਆਯੋਜਿਤ ਕੀਤੇ ਗਏ। ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੂਆਰਾ ਸਾਹਿਬ ਵਿਖੇ ਆਯੋਜਿਤ ਪ੍ਰੋਗਰਾਮ ਵਿੱਚ 6 ਸਾਲ ਤੋਂ ਲੈ ਕੇ 20 ਸਾਲ ਤੱਕ ਦੇ 42 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਸਿਮਪੋਜ਼ੀਅਮ ਲਈ ਸਥਾਨਕ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ 3 ਮਹੀਨੇ ਪਹਿਲਾਂ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਬੇਸਿਕ ਨੋਲੇਜ ਆਫ ਸਿੱਖਇਜ਼ਮ", ਦੂਜੇ ਨੂੰ "ਸਿੱਖ ਸਾਖੀਜ਼ ਫਾਰ ਯੂਥ", ਤੀਜੇ ਨੂੰ "ਦੀ ਟਰਬਨ", ਅਤੇ ਚੌਥੇ ਨੂੰ "ਗੁਰੂ ਗ੍ਰੰਥ ਸਾਹਿਬ ਸੁਪਰੀਮ ਟਰੇਜ਼ਰ" ਕਿਤਾਬ ਦਿੱਤੀ ਗਈ ਜਿਸ ਵਿੱਚੋਂ ਉਹਨਾਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ ਵਿੱਚ ਭਾਸਨ ਦਿੱਤੇ।

ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਸਾਲ 2006 ਤੋਂ ਬਤੌਰ ਸਥਾਨਕ ਕਨਵੀਤਰ ਦੀ ਸੇਵਾ ਨਿਭਾ ਚੁੱਕੇ ਸ. ਹਰਜਿੰਦਰ ਸਿੰਘ ਜੀ ਨੇ ਭਾਗ ਲੈਣ ਵਾਲੇ ਨੌਜਵਾਨਾਂ, ਪਰਿਵਾਰਕ ਅਤੇ ਸੰਗਤ ਮੈਂਬਰਾਂ ਨੂੰ ਇਸ ਦੀ ਮਹੱਤਤਾ ਬਾਰੇ ਦੁਸਦਿਆਂ ਕਿਹਾ ਕਿ ਇਸ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ।

ਇਸ ਮੌਕੇ ਓਹਨਾਂ ਦੇ ਸਪੁੱਤਰ ਜੈਪਾਲ ਸਿੰਘ ਨੂੰ ਵੀ ਯਾਦ ਕੀਤਾ ਗਿਆ ਜੋ ਕਿ ਪਿਛਲੇ ਸਾਲ ਮਈ 2022 ਨੂੰ 41 ਸਾਲ ਦੀ ਉਮਰ ਵਿੱਚ ਕੈਂਸਰ ਦੀ ਬੀਮਾਰੀ ਕਾਰਨ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਵਲੋਂ ਸਾਲ 2006 ਤੋਂ ਸ਼ੁਰੂ ਕੀਤੇ ਗਏ ਸਥਾਨਕ ਸਿਮਪੋਜ਼ੀਅਮ ਲਈ ਹਰ ਸਾਲ ਯੂਥ ਨੂੰ ਬਹੁਤ ਮਿਹਨਤ ਨਾਲ ਤਿਆਰੀ ਕਰਵਾਈ ਜਾਂਦੀ ਸੀ। ਉਹਨਾਂ ਵਲੋਂ ਲਗਾਏ ਗਏ ਬੂਟੇ ਦਾ ਹੀ ਨਤੀਜਾ ਹੈ ਕਿ ਮੰਚ ਦਾ ਸੰਚਾਲਨ ਅਤੇ ਹੋਰ ਸੇਵਾਵਾਂ ਉਹਨਾਂ ਨੌਜਵਾਨਾਂ ਵਲੋਂ ਹੀ ਕੀਤੀਆਂ ਗਈਆਂ ਜੋ ਪਹਿਲਾਂ ਇਹਨਾਂ ਵਿੱਚ ਭਾਗ ਲੈਂਦੇ ਰਹੇ ਹਨ।

ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਨੇ ਇਸ ਸਮਾਗਮ ਵਿਚ ਭਾਗ ਲੈਂਦੇ ਹੋਏ ਆਪਣੇ ਵਲੋਂ ਵਧੀਆ ਤੋ ਵਧੀਆ ਭਾਸ਼ਣ ਤਿਆਰ ਕੀਤੇ ਅਤੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਕਿਸੇ ਪ੍ਰਤੀਯੋਗਤਾ ਵਿਚ ਭਾਗ ਲੈ ਰਹੇ ਹਨ। ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਇਸ ਸਮਾਗਮ ਨੂੰ ਸਫਲਤਾਪੂਰਵਕ ਆਯੋਜਤ ਕਰਣ ਲਈ ਸਾਰੇ ਵਲੰਟੀਅਰਾਂ, ਬੱਚਿਆਂ, ਉਹਨਾਂ ਦੇ ਮਾਤਾ ਪਿਤਾ, ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਸੇਵਾਦਾਰ ਕਮੇਟੀ ਨੇ ਵੀ ਇਸ ਸਮਾਗਮ ਦੇ ਆਯੋਜਨ ਲਈ ਸਾਰੇ ਸੇਵਾਦਾਰਾਂ ਅਤੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਬੱਚਿਆਂ ਅਤੇ ਨੌਜਵਾਨਾਂ ਲਈ ਭਵਿੱਖ ਵਿੱਚ ਕਰਵਾਏ ਜਾਣ ਵਾਲੇ ਅਜਿਹੇ ਹੋਰਨਾਂ ਸਮਾਗਮਾਂ ਦੇ ਆਯੋਜਨ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਟਰੋਫੀ ਅਤੇ ਕਿਤਾਬਾਂ ਵੀ ਦਿੱਤੀਆਂ ਗਈਆਂ ਜਿਸ ਵਿੱਚ "ਫੌਜਾ ਸਿੰਘ ਕੀਪਸ ਗੋਇੰਗ", "ਦ ਗਾਰਡਨ ਆਫ ਪੀਸ", "ਵਾਏ ਐਮ ਆਏ ਹੇਅਰ" ਸ਼ਾਮਲ ਸਨ ਜੋ ਕਿ ਬੱਚਿਆਂ ਵਲੋਂ ਬਹੁਤ ਪਸੰਦ ਕੀਤੀਆਂ ਗਈਆਂ। ਹਰੇਕ ਗਰੁਪ ਦੇ ਜੇਤੂ ਬੱਚੇ ਮਈ ਮਹੀਨੇ ਦੇ ਅਖੀਰ ਵਿੱਚ ਓਹਾਇਓ ਅਤੇ ਪੈਨਸਲਵੇਨੀਆਂ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ।

ਸਿਮਪੋਜ਼ੀਅਮ ਅਤੇ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਰਟੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ ਵਿਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ।



ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ
GURU NANAK NISHKAM SEWA CENTRE
CANADA
Regd.
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

## ਲਾਲੂ ਪ੍ਰਸਾਦ ਯਾਦਵ ਦੀ ਬੇਟੀ ਰਾਗਿਨੀ ਯਾਦਵ ਤੋਂ ਈਡੀ ਨੇ ਕੀਤੀ ਪੁੱਛਗਿੱਛ

ਪਟਨਾ, 13 ਅਪ੍ਰੈਲ (ਪੋਸਟ ਬਿਊਰੋ): ਬਿਹਾਰ ਦੇ ਸਾਬਕਾ ਮੁੱਖ ਮੰਤਰੀ ਅਤੇ ਰਾਸ਼ਟਰੀ ਜਨਤਾ ਦਲ ਦੇ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਦੇ ਪਰਿਵਾਰ ਦੀਆਂ ਮੁਸ਼ਕਿਲਾਂ ਘੱਟ ਹੋਣ ਦਾ ਨਾਂ ਨਹੀਂ ਲੈ ਰਹੀਆਂ ਹਨ।

ਈਡੀ ਪਹਿਲਾਂ ਹੀ ਲਾਲੂ ਦੇ ਪੁੱਤਰ ਤੇਜਸਵੀ ਯਾਦਵ ਅਤੇ ਧੀ ਮੀਸਾ ਭਾਰਤੀ ਤੋਂ ਜ਼ਮੀਨ-ਨੌਕਰੀ ਘੁਟਾਲੇ ਵਿੱਚ ਪੁੱਛਗਿੱਛ ਕਰ ਚੁੱਕੀ ਹੈ। ਪਰ ਹੁਣ ਈਡੀ ਨੇ ਲਾਲੂ ਯਾਦਵ ਦੀ ਇੱਕ ਹੋਰ ਬੇਟੀ ਨੂੰ ਪੁੱਛਗਿੱਛ ਲਈ ਬੁਲਾਇਆ ਹੈ।

ਜਾਣਕਾਰੀ ਮੁਤਾਬਕ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਬੁੱਧਵਾਰ ਨੂੰ



ਰੇਲਵੇ ਘੁਟਾਲੇ 'ਚ ਕਥਿਤ ਜ਼ਮੀਨ ਦੇ ਬਦਲੇ ਨੌਕਰੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਦੀ ਬੇਟੀ ਰਾਗਿਨੀ ਯਾਦਵ ਦਾ ਬਿਆਨ ਦਰਜ ਕੀਤਾ ਹੈ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ।

ਲਾਲੂ ਪ੍ਰਸਾਦ ਦੀ ਧੀ ਅਤੇ ਰਾਸ਼ਟਰੀ ਜਨਤਾ ਦਲ ਦੀ ਸੰਸਦ ਮੈਂਬਰ ਮੀਸਾ ਭਾਰਤੀ ਤੋਂ ਵੀ ਈਡੀ ਨੇ 25 ਮਾਰਚ ਨੂੰ ਇਸ ਮਾਮਲੇ ਵਿੱਚ ਪੁੱਛਗਿੱਛ ਕੀਤੀ ਸੀ, ਉਸੇ ਦਿਨ ਤੇਜਸਵੀ ਯਾਦਵ ਨੇ ਸੀਬੀਆਈ ਦੇ ਸਾਹਮਣੇ ਪੇਸ਼ ਕੀਤਾ ਸੀ।

ਸੂਤਰਾਂ ਨੇ ਦੱਸਿਆ ਕਿ ਰਾਗਿਨੀ ਯਾਦਵ ਬੁੱਧਵਾਰ ਨੂੰ ਪੁੱਛਗਿੱਛ ਲਈ ਏਜੰਸੀ ਦੇ ਸਾਹਮਣੇ ਪੇਸ਼ ਹੋਈ। ਉਸ ਦਾ ਬਿਆਨ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐਮਐਲਏ) ਤਹਿਤ ਦਰਜ ਕੀਤਾ ਗਿਆ ਹੈ।

ਇਸ ਸਾਲ ਮਾਰਚ ਵਿੱਚ ਪਟਨਾ, ਫੁਲਵਾਰੀਸ਼ਰੀਫ, ਦਿੱਲੀ-ਐਨਸੀਆਰ, ਰਾਂਚੀ ਅਤੇ ਮੁੰਬਈ ਵਿੱਚ ਰਾਗਿਨੀ ਯਾਦਵ, ਉਸ ਦੀਆਂ ਭੈਣਾਂ ਚੰਦਾ ਯਾਦਵ ਅਤੇ ਹੇਮਾ ਯਾਦਵ ਅਤੇ ਰਾਸ਼ਟਰੀ ਜਨਤਾ ਦਲ ਦੇ ਸਾਬਕਾ ਵਿਧਾਇਕ ਅਬੂ ਦੋਜਾਨਾ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ ਸੀ।

ਇਸ ਤੋਂ ਪਹਿਲਾਂ ਸੋਮਵਾਰ ਨੂੰ ਈਡੀ ਨੇ ਇਸ ਮਾਮਲੇ ਵਿੱਚ ਰਾਗਿਨੀ ਯਾਦਵ ਦੇ ਭਰਾ ਅਤੇ ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਦਾ ਬਿਆਨ ਦਰਜ ਕੀਤਾ ਸੀ।

ਦੋਵੇਂ ਕੇਂਦਰੀ ਏਜੰਸੀਆਂ ਨੇ ਹਾਲ ਹੀ ਵਿੱਚ ਇਸ ਮਾਮਲੇ ਵਿੱਚ ਕਾਰਵਾਈ ਸ਼ੁਰੂ ਕੀਤੀ ਹੈ। ਸੀਬੀਆਈ ਨੇ ਲਾਲੂ ਪ੍ਰਸਾਦ ਅਤੇ ਉਨ੍ਹਾਂ ਦੀ ਪਤਨੀ ਅਤੇ ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਤੋਂ ਪੁੱਛਗਿੱਛ ਕੀਤੀ ਅਤੇ ਈਡੀ ਨੇ ਆਰਜੇਡੀ ਮੁਖੀ ਦੇ ਪਰਿਵਾਰ ਦੇ ਖਿਲਾਫ ਛਾਪੇਮਾਰੀ ਕੀਤੀ।




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017




ਆਓ ਰਲ ਮਿਲ ਜਸ਼ਨ ਮਨਾਈਏ,
ਗੀਤ ਖੁਸ਼ੀਆਂ ਦੇ ਰਲ ਮਿਲ ਗਾਈਏ,
ਕਣਕਾਂ ਦੇ ਖੇਤ ਲਹਿਰਾਉਂਦੇਂ,
ਸਭ ਨੱਚ ਟੱਪ ਵਿਸਾਖੀ ਮਨਾਓਂਦੇ।



Jas Bhullar
Mortgage Agent Lic # 12607
416-732-2611
info@jasbhullaroffice.com
30 Kennedy Road S, #102, Brampton

MORTGAGE ALLIANCE
Gold Core Mortgages






Hon. Kamal Khera
Member of Parliament
Brampton West
(905)454-4758
kamal.khera@parl.gc.ca


URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE

CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**



ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**




ਸੋਹਣਾ ਤੇ ਸਾਫ ਸੁਥਰਾ, ਮਾਡਰਨ ਲੇਆਉਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੁਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**



ਸ਼ਾਨਦਾਰ ਤੇ ਸਾਫ ਸੁਥਰਾ, ਮਾਡਰਨ ਲੇਆਉਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232
JAG AUJLA
MCNE, Real Estate Broker
416-371-7777
NOT INTENDED TO SOLICIT BUYERS OR SELLERS CURRENTLY UNDER CONTRACT

Dr. Randhawa Dentistry
*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ




Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com


HARDEEP
GREWAL
MPP BRAMPTON EAST
UT INCEPIT FIDELIS SIC PERMANET
Happy
Vaisakhi
I hope this harvest season brings
endless joy and happy moments to you and your family.
WARM WISHES ON THIS VAISAKHI
hardeepsinghgrewal
Hardeep.Grewal@pc.ola.org
hardeep_grewal
@hardeepgrewal_
1 Gateway Blvd, Unit #307, Brampton, ON L6T 0G3
905.799.3939


FLYING J® EXIT 399
Ph: 905-428-9700
Fax: 905-428-9633
E-mail: flyingjexit399@gmail.com
Joga Sandhar
Garry Dhugga
Jasbir Dhesi
ਵੈਸਾਖੀ ਧਰਿਨਿ ਕਿਉ ਵਾਢੀਆ
ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ
ਲਗੀ ਮਾਇਆ ਧੋਹੁ ॥
ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ ॥
FLYING J
2000 Clements Rd., Pickering, ON L1W 4A1